# ਗੱਲਾਂ ਹੀ ਸੀ ਬਸ

ਉਹ ਦਹਾਕਿਆਂ ਦੀਆਂ ਤੇ ਸਦੀਆਂ ਦੀਆਂ,
ਉਮਰਾਂ ਭਰ ਦੇ ਸਾਥ ਦੀਆਂ,
ਔਖੇ ਤੇ ਸੌਖੇ ਪਲਾਂ ਦੀਆਂ,
ਔਖਾ ਬੋਲਣ ਤੇ ਸਭ ਸੁਣਨ ਦੀਆਂ,
ਸਮਝਣ ਦੀਆਂ ਤੇ ਖੜ੍ਹਨ ਦੀਆਂ,
ਸੱਚੀ ਨਾ ਚਾਹੁੰਦੇ ਵੀ ਵਿੱਚ ਰਲਣ ਦੀਆਂ,
ਸਭ ਨੂੰ ਪਾਸੇ ਕਰਕੇ ਤੈਨੂੰ ਜਾਣਨ ਦੀਆਂ,
ਗੱਲਾਂ ਹੀ ਸੀ ਬਸ ਤੇਰੇ ਤੇ ਮੇਰੇ ਸਾਥ ਦੀਆਂ।
ਸਭ ਰੀਝਾਂ ਹੀ ਸੀ ਤੇਰੇ ਤੇ ਮੇਰੇ ਸਾਥ ਦੀਆਂ।

## ਦਾਦੇ ਤੇ ਵਿਰਾਸਤਾਂ

ਅੱਜ ਬਹੁਤ ਸਮੇਂ ਬਾਅਦ ਮੈਂ ਮੇਰੇ ਦੋਨੋਂ ਦਾਦਿਆਂ ਨਾਲ ਗੱਲਾਂ ਕੀਤੀਆਂ।
ਮੇਰੇ ਦਾਦੇ, ਸਕੇ ਭਰਾ ਤੇ ਸਮਿਆਂ ਦੇ ਹੰਢੇ ਹੋਏ।
ਜ਼ਮੀਨ ਦੀਆਂ ਗੱਲਾਂ ਕਰਦੇ ਰਹੇ ਤੇ ਨਾਲੇ ਬਚਪਨੇ ਦੀਆਂ।
ਕਦੀ ਕਦੀ ਹੋਲ ਹੁੰਗਾਰੇ ਨਾਲ ਕੁੱਝ ਪੁਰਾਣੇ ਕਿੱਸੇ ਵੀ ਛੇੜ ਦੇ ਰਹੇ।
ਬਹੁਤ ਵਿਰਾਸਤ ਸਾਂਭੀ ਪਈ ਉਹਨਾਂ ਨੇ।
ਮੇਰੇ ਪਾਪਾ ਤੇ ਚਾਚੇ ਲਈ।
ਪਰ ਮੈਨੂੰ ਅੱਜ ਪਤਾ ਲੱਗਾ ਕਿ
ਬਜ਼ੁਰਗਾਂ ਬਿਨਾਂ ਕੋਈ ਵੀ ਵਿਰਾਸਤ ਕਿਸੀ ਕੰਮ ਦੀ ਨਹੀਂ।
ਸੱਚੀ ਬਜ਼ੁਰਗਾਂ ਨਾਲ ਹੀ ਸਭ ਕੁੱਝ ਜੱਚਦਾ ਏ
ਤੇ ਇਹਨਾਂ ਦੇ ਹੁੰਗਾਰੇ ਹੀ ਘਰ ਭਰਿਆ ਭਰਿਆ ਰਖਦੇ ਨੇ।



## ਸਰਦੀ

ਇਸ ਵਾਰ ਸਰਦੀ ਕੁੱਝ ਜ਼ਿਆਦਾ ਲਗਦੀ ਏ ਪਿਛਲੀ ਵਾਰ ਨਾਲੋ।
ਧੁੰਦ ਦੀ ਜਗ੍ਹਾ ਧੂਏ ਨੇ ਮੱਲ ਲਈ ਹੈ,
ਦਰੱਖਤਾਂ ਦੀ ਉੱਚੀਆਂ ਇਮਾਰਤਾਂ ਨੇ।
ਹੁਣ ਤੇ ਪੋਲੇ ਪੋਲੇ ਮਿੱਟੀ ਦੇ ਰਾਵਾਂ ਤੇ ਵੀ ਕਾਲੀ ਲੁਕ ਵਰ ਪਈ ਏ।
ਰਸਤਿਆਂ ਤੇ ਹਰ ਮੋੜ ਉਪਰ ਪੰਛੀਆਂ ਦੀ ਜਗ੍ਹਾ ਮੋਟਰ ਕਾਰਾਂ ਨੇ ਲੈ ਲਈ ਏ।
ਬੈਲ ਗੱਡੀਆਂ ਤਰਸ ਗਈਆਂ ਨੇ ਖੇਤ ਜਾਣ ਨੂੰ,
ਸੱਚੀ ਹੁਣ ਤੇ ਮੋਘੇ ਵੀ ਤਰਸ ਗਏ ਨੇ ਡੱਡੂਆਂ ਨੂੰ।
ਕਈ ਵਾਰ ਤੇ ਮੈਨੂੰ ਮੇਰੀ ਮੋਟਰ ਤੇ ਖਾਲ ਵੀ ਰੋਂਦੇ ਲਗਦੇ ਨੇ।
ਸੱਚੀ ਹੀ ਇਸ ਵਾਰ ਸਰਦੀ ਕੁੱਝ ਜ਼ਿਆਦਾ ਲਗਦੀ ਏ ਪਿਛਲੀ ਵਾਰ ਨਾਲੋ।

## ਤੂੰ ਦਿੱਸਦਾ ਹੀ ਰਹਿੰਦਾ

ਅਖਬਾਰਾਂ, ਸੁਰਖੀਆਂ ਤੇ ਟੈਲੀਵਿਜ਼ਨ ਦੇ ਉੱਤੇ,
ਲੱਖਾਂ ਹੀ ਲੋਕਾਂ ਦੀ ਭੀੜ ਦੇ ਵਿਚ ਵੀ,
ਤੂੰ ਦਿੱਸਦਾ ਹੀ ਰਹਿੰਦਾ ਏ ਇਹਨਾਂ ਅੱਖੀਆਂ ਨੂੰ ਵੇ,
ਮੈਂ ਚਾਹੇ ਲੱਖਾਂ ਵਾਰੀ ਬੰਦ ਕਰਾਂ ਸੋਸ਼ਲ ਮੀਡੀਆ ਵੇ ਸਾਰੇ।
ਅਜੀਬ ਜੇਹੀ ਤਲਾਬ ਏ ਤੇਰੀ ਸਾਹਾਂ ਨੂੰ,
ਮੇਰੇ ਸਭ ਰਾਹ ਵੀ ਨੇ ਸੁੰਨੇ ਤੇਰੇ ਝਾਕੇ ਦੇ ਬਿਨ ਵੇ,
ਤੂੰ ਕਾਪੀ, ਕਿਤਾਬ ਤੇ ਕਮਰੇ ਦੇ ਵਿੱਚ ਏ,
ਮੌਜੂਦ ਹਰ ਥਾਂ ਤੇ ਤੇਰਾ ਏ ਸਾਇਆ।
ਤੂੰ ਦਿੱਸਦਾ ਹੀ ਰਹਿੰਦਾ ਏ ਇਹਨਾਂ ਅੱਖੀਆਂ ਨੂੰ ਵੇ,
ਮੈਂ ਚਾਹੇ ਲੱਖਾਂ ਵਾਰੀ ਬੰਦ ਕਰਾਂ ਸਭ ਰਾਹ ਤੇ ਬਾਰੀਆਂ।



## ਖਾਲੀ ਵਰਕਾ

ਰਾਤ ਭੈੜੀ ਮੇਰੀ ਕਿਤਾਬ ਦੇ ਖਾਲੀ ਵਰਕੇ ਜਿਹੀ,
ਕੁੱਝ ਕਹਿੰਦੀ ਤੇ ਨਾ ਸੁਣਦੀ ਆ।
ਕਦੀ ਕਦੀ ਤੇ ਹੱਦ ਹੁੰਦੀ ਜਦ ਅੱਧੀ ਰਾਤੀਂ ਉੱਠਦੀ ਆ।
ਠੇਕੇ ਦੀ ਆ ਤੋੜ ਜਿਵੇਂ ਫਿਰ ਜਾਨ ਮੇਰੀ ਇੰਝ ਸੁੱਕਦੀ ਆ।
ਕਦੇ ਅੜੀਆਂ ਕਰਦੀ ਮਸ਼ੂਕ ਤਰ੍ਹਾਂ ਤੇ
ਕਦੀ ਵੈਰੀਆਂ ਵਾਂਗ ਸਤਾਉਂਦੀ ਆ।
ਜਦ ਵੀ ਮੈਂ ਪਾਸਾ ਵੱਟਾ ਤਾਂ ਮੈਨੂੰ ਬਾਹੋ ਫੜਕੇ ਉਠਾਉਂਦੀ ਆ।
ਇਹ ਰਾਤ ਭੈੜੀ ਮੇਰੀ ਕਿਤਾਬ ਦੇ ਖਾਲੀ ਵਰਕੇ ਜਿਹੀ,
ਕੁੱਝ ਕਹਿੰਦੀ ਤੇ ਨਾ ਸੁਣਦੀ ਆ।

## ਹਾਣ ਦਿਆ

ਕਈ ਸਾਲਾਂ ਤੋਂ ਮੈਨੂੰ ਜਾਣ ਦਿਆ,
ਮੇਰੇ ਹਾਣ ਦਿਆ ਦਿਲਦਾਰਾ ਵੇ।
ਤੈਨੂੰ ਆਪਣਾ ਸਭ ਕੁੱਝ ਮੰਨ ਲਿਆ ਮੈਂ,
ਦਿਲ ਬੰਨ੍ਹ ਲਿਆ ਵਿੱਚ ਕੁੱਝ ਤਾਰਾਂ ਦੇ।
ਕੁੱਝ ਅਣ ਸਮਝੇ ਜਿਹੇ ਕਰਾਰ ਸੀਗੇ,
ਕੁੱਝ ਰਾਜ ਸੀਗੇ ਅੱਖਾਂ ਚਾਰਾਂ ਦੇ।
ਜੋ ਜੱਗ ਤੋਂ ਦੂਰ ਲਕੋ ਰੱਖੀਆਂ,
ਤੇਰੇ ਅੱਗੇ ਅਸੀਂ ਫੋਲ ਰੱਖੀਆਂ ਉਹ ਸੱਭ ਬਾਤਾਂ ਵੇ।
ਰਾਤ ਦੇ ਤਾਰੇ ਤੇ ਮੇਰੀ ਚੁੰਨੀ ਦੇ ਫੁੱਲ,
ਦੋਵੇ ਖਿੜ ਉਠਦੇ ਤੈਨੂੰ ਤੱਕ ਕੇ ਵੇ।
ਮੇਰਾ ਜੀਅ ਕਰਦਾ ਤੈਨੂੰ ਰੱਖ ਲਵਾਂ,
ਵਾਂਗ ਪਿਰੋ ਗਾਨੀ ਦੇ ਮਣਕੇ ਵੇ।
.
ਕਈ ਸਾਲਾਂ ਤੋਂ ਮੈਨੂੰ ਜਾਣ ਦਿਆ,
ਮੇਰੇ ਹਾਣ ਦਿਆ ਦਿਲਦਾਰਾ ਵੇ।



## ਨਵਾ ਸਾਲ

ਹਸੀਨ ਵਾਦੀਆਂ ਤੇ ਹਵਾ ਦਾ ਮੈਨੂੰ ਛੇੜ ਛੇੜ ਕੇ ਜਾਣਾ,
ਪਾਣੀ ਦੀ ਆਵਾਜ਼ ਚ ਵੀ ਤੇਰਾ ਹੁੰਗਾਰਾ ਜੇਹਾ ਲਗਦਾ ਐ।
ਮੈਂ ਪੀਤੀ ਨਹੀਓ ਨਾ ਹੀ ਪੀਵਾਂ ਲੋਕਾਂ ਵਾਂਗੂੰ ਹਾਣਦੀਏ,
ਤੇਰਾ ਜਿਨਾ ਕਿ ਵੀ ਸਾਥ ਸੀ ਉਹੀ ਸਹਾਰਾ ਜੇਹਾ ਲਗਦਾ ਐ।
ਅੱਜ ਦੀ ਇਹ ਰਾਤ ਆਖਰੀ ਸਿਆਲ ਦੀ ਤੇ ਮੇਰੇ ਦੁੱਖ ਦਾਰ ਦੀ,
ਕੱਲ੍ਹ ਦੀ ਸਵੇਰ ਚ ਤੈਨੂੰ ਮੈਂ ਨਵੇਂ ਹਾੜ ਜੇਹਾ ਲੱਗੂਗਾ।
ਮੇਰੀਆਂ ਦੁਆਵਾਂ ਸਦਾ ਰਹਿਣਗੀਆਂ ਅਸਮਾਨਾਂ ਚ,
ਨਾ ਚਾਹੁੰਦੇ ਵੀ ਹਰ ਦਿਨ ਤੈਨੂੰ ਨਵੇਂ ਸਾਲ ਜੇਹਾ ਲਗੇਗਾ।

## ਦਾਦੀ

ਸਭ ਰੀਝਾਂ ਤੇ ਸੱਧਰਾਂ ਨੂੰ ਦਿਲ ਚ ਦਬਾਈ,
ਉਹ ਚੁੱਪ ਚਾਪ ਸੀ ਟੁਰ ਗਈ ਜਦ ਉਹਦੀ ਵਾਰੀ ਆਈ।
ਮੈਨੂੰ ਯਾਦ ਸੀ ਦਾਦੀ ਦਾ ਇਕ ਚਰਖਾ ਤੇ ਖੂੰਡੀ,
ਮੈਨੂੰ ਯਾਦ ਸੀ ਦਾਦੀ ਦੀਆਂ ਉਹ ਬਾਤਾਂ ਹਜ਼ਾਰਾਂ।
ਮੈਨੂੰ ਭੁੱਲ ਕੇ ਵੀ ਸਾਰੀ ਉਮਰ ਨਹੀਓ ਭੁੱਲਣਾ,
ਤੇਰਾ ਲਾਡ ਲੜਾਇਆ ਤੇ ਪਿਆਰ ਜਤਾਇਆ।
ਮੈਨੂੰ ਮਾਫ ਕਰੀ ਕੋਈ ਗਲਤੀ ਜੇ ਹੋ ਗਈ,
ਤੈਨੂੰ ਆਖਰੀ ਸਾਹਾਂ ਤੇ ਮਿਲਣ ਨੀ ਆਇਆ।



## ਲੁੱਟਿਆ

ਕਾਹਲੀਆਂ ਤੇ ਤੇਰੀਆਂ ਬੇਕਰਾਰੀਆਂ ਨੇ ਲੁੱਟਿਆ ਸੀ,
ਮੈਨੂੰ ਨਾ ਚਾਹੁੰਦੇ ਵੀ ਤੇਰੇ ਸਾਰੇ ਲਾਰਿਆਂ ਨੇ ਲੁੱਟਿਆ ਸੀ।
ਮੈਨੂੰ ਪੁੱਛਣਾ ਨੀ ਚਾਹੀਦਾ ਪਰ ਪੁੱਛਣਾ ਜਰੂਰ ਐ,
ਕੀ ਇਹ ਮੈਨੂੰ ਮੇਰੀਆਂ ਦਿਲਦਾਰੀਆਂ ਨੇ ਲੁੱਟਿਆ ਸੀ।

## ਤਾਰਾਂ

ਬੜਾ ਸਮਾਂ ਉਹ ਉੱਡ ਦੀ ਰਹੀ, ਨਠਦੀ ਰਹੀ
ਤੇ ਬਹਿਕਦੀ ਰਹੀ ਹਵਾਵਾਂ ਨਾਲ।
ਅੰਤ ਵਿੱਚ ਉਹ ਭੁੱਬਾਂ ਮਾਰ ਮਾਰ ਰੋਈ,
ਜਦ ਉਸਨੂੰ ਬੈਠਣ ਲਈ ਟਾਹਣੀਆਂ ਦੀ ਥਾਂ ਤਾਰਾਂ ਹੀ ਲੱਭੀਆਂ।



## ਤੇਰਾ ਹੋਣਾ

ਤੇਰੇ ਖਿਆਲ ਆਉਂਦੇ ਨੇ ਬੇਸਮਿਆਂ ਚ,
ਖੋਹਦੇ ਨੇ, ਲਟਾਉਂਦੇ ਨੇ ਸਭ ਕੁੱਝ ਮੇਰੇ ਤੋਂ ਆਪਣਾ।
ਤੇਰਾ ਮਿਲਣਾ ਸੀ ਮੁਸ਼ਕਿਲ ਜਿਵੇਂ ਕਾਲੇ ਫੁੱਲਾਂ ਦੀ,
ਤੇ ਤੇਰਾ ਆਉਣਾ ਸਹਾਰਾ ਐ ਕਿਕਰਾਂ ਦੇ ਰਾਵਾਂ ਵਾਂਗ।
ਤੂੰ ਹੱਸਦਾ ਐ ਤਾਂ ਵਸਦੀ ਏ ਕਾਇਨਾਤ ਉਸ ਪਲ ਵਿੱਚ,
ਤੂੰ ਨੀ ਦਿੱਸਦਾ ਤਾਂ ਰੁਸਦੀਆਂ ਨੇ ਧੁੱਪਾਂ ਤੇ ਛਾਵਾਂ।

# ਮੌਤ

ਲੱਕੜਾਂ ਤੇ ਪਾੜ ਨੇ, ਮਿੱਟੀ ਦੇ ਰਾਹਾਂ ਚ।
ਉੱਡਦੇ ਅੰਗਾਰ ਨੇ, ਬਹਿਕੀਆਂ ਹਵਾਵਾਂ ਚ।
ਚੇਤੇ ਤੇ ਸਭ ਨੂੰ ਐ ਜੰਮਣ ਦਾ ਦਿਨ ਸ਼ੁੱਭ,
ਮੌਤ ਨਾ ਚੇਤੇ ਹੁਣ ਰੋਜ਼ ਦੇ ਕੰਮਕਾਰਾ ਚ।
ਸਭ ਨੂੰ ਹਸਾਂਦੇ ਨੇ ਮਿੱਟੀ ਦੇ ਕਠਪੁਤਲੇ ਜੋ,
ਭੱਜ ਛੁਪ ਜਾਂਦੇ ਜੋ ਪਾਈਆਂ ਹੁੰਗਾਰਾਂ ਚ।
ਮੌਤ ਦਾ ਨਾਮ ਹੀ ਹੈ ਕੰਮ ਕਾਜ ਇਥੇ,
ਰੱਬ ਨੂੰ ਬਸ ਭੰਡਣ ਲਈ ਲੋਕ ਸਾਹ ਰੋਕਣ ਜਾਣਨ।



# ਆਵਾਜ਼ਾਂ

ਕੁੱਝ ਮਨਚਾਹੀਆਂ ਜੀਆਂ ਆਵਾਜ਼ਾਂ ਨੇ ਜੋ ਦਿਲ ਚੋ ਆਉਂਦੀਆਂ ਨੇ,
ਕਦੀ ਮੰਗਦੀਆਂ ਇਹ ਹਾਸੇ ਸਭ ਤੇ ਕਦੀ ਦੁੱਖ ਸਭ ਚਾਹੁੰਦੀਆਂ ਨੇ।
ਜੀ ਕਰਦਾ ਸਭ ਕੁੱਝ ਰੋਕ ਦਿਆਂ, ਇਕ ਪਲ ਛਿਣ ਤੇ ਇਕ ਝੱਟਕੇ ਚ,
ਪਰ ਕਦੀ ਕਦੀ ਇਹ ਚਾਹੁੰਦੀਆਂ ਨੇ ਕਿ ਘੁੰਮਦਾ ਰਵਾਂ ਮੈਂ ਰਾਵਾਂ ਚ।
ਸੱਚੀ ਇਹ ਮਨਚਾਹੀਆਂ ਜੀਆਂ ਆਵਾਜ਼ਾਂ ਨੇ।

## ਹਾਂ ਜੀ ਹਾਂ

ਹਾਂ ਜੀ ਹਾਂ ਅਸੀਂ ਉਹੀ ਆ ਨਾਪਾਕ ਜਿਹੇ,
ਜਿਵੇਂ ਕਿਕਰਾਂ ਦੇ ਫੁੱਲ ਹੁੰਦੇ ਜਾਂ
ਟੁੱਟੇ ਵੰਗਾਂ ਦੇ ਆ ਟੁਕੜੇ।
ਜਿਵੇਂ ਸੁੱਕੇ ਹੋਏ ਪੱਤੇ ਆ ਤੇ
ਬੂਹਿਆਂ ਨੂੰ ਲੱਗੇ ਕੁੰਡੇ।
ਹਾਂ ਜੀ ਹਾਂ ਅਸੀਂ ਉਹੀ ਆ ਬਾਕਮਾਲ ਜਿਹੇ,
ਜਿਵੇਂ ਸੱਧਰਾਂ ਦੇ ਫੁੱਲ ਹੁੰਦੇ ਜਾਂ
ਅੰਬਰਾਂ ਦੇ ਤਾਰੇ ਨੇ।
ਜਿਵੇਂ ਕਿਤਾਬਾਂ ਦੇ ਨੇ ਅੱਖਰ ਹੁੰਦੇ ਤੇ
ਓਹਨਾਂ ਅੱਖਰਾਂ ਦੇ ਸਹਾਰੇ ਨੇ।



## ਉਹ ਦਿਨ

ਤੈਨੂੰ ਯਾਦ ਏ ਉਹ ਦਿਨ,
ਉਹ ਦਿਨ ਜਦ ਆਪਾ ਪਹਿਲੀ ਵਾਰੀ ਤੱਕਿਆ ਸੀ।
ਪੱਤਿਆ ਦੀ ਸਰਸਰਾਹਟ,
ਹਵਾ ਦੇ ਗੀਤ,
ਮਿੱਟੀ ਦਾ ਨਚਣਾ ਤੇ
ਚਿੜੀਆਂ ਦਾ ਮਸ਼ਕਰੀ ਜਿਹੀ ਹਸਣਾ।
ਤੇ ਤੈਨੂੰ ਤੇ ਯਾਦ ਈ ਹੋਣਾ ਉਹ ਬੈਂਚ,
ਉਹ ਚਾਹ ਦਾ ਗਲਾਸ,
ਉਹ ਤਿਤਲੀਆਂ,
ਉਹ ਪੈਨਸਿਲ ਦੇ ਨਾਲ ਲਿਖੇ ਹੋਏ ਅੱਖਰ
ਤੇ ਆਪਣਾ ਇਕ ਦੂਜੇ ਚ ਮਸ਼ਰੂਫ ਹੋਣਾ।
ਹਣਾ ਤੈਨੂੰ ਤੇ ਯਾਦ ਈ ਹੋਣਾ।

## ਮੁਲਾਕਾਤ

ਜਾਣਨਾ ਏ ਮੈਨੂੰ ਤਾਂ ਕਦੀ ਮੁਲਾਕਾਤ ਤੇ ਕਰ,
ਥੋੜ੍ਹਾ ਇਜ਼ਹਾਰ ਤੇ ਕਰ,
ਥੋੜ੍ਹਾ ਇਕਰਾਰ ਤੇ ਕਰ।
ਮੈਂ ਨੀ ਮੰਗਦਾ ਖੁਸ਼ੀਆਂ ਦੇ ਪਲ,
ਤੂੰ ਥੋੜ੍ਹਾ ਦੁਖਦਾਰ ਤੇ ਕਰ,
ਥੋੜ੍ਹਾ ਬੇਕਾਰ ਤੇ ਕਰ।
ਇਕ ਜੱਫੀ ਏ ਜੋ ਚਿਰਾਂ ਤੋਂ ਸਾਂਭੀ ਆ ਤੇਰੇ ਲਈ,
ਤੂੰ ਥੋੜ੍ਹਾ ਪਿਆਰ ਤੇ ਕਰ,
ਥੋੜ੍ਹਾ ਤਕਰਾਰ ਤੇ ਕਰ।
ਮੈਨੂੰ ਪਤਾ ਮੇਰੀ ਔਕਾਤ ਕੀ ਏ,
ਤੂੰ ਥੋੜ੍ਹਾ ਬੇਔਕਾਤ ਤੇ ਕਰ,
ਥੋੜ੍ਹਾ ਵਾਰ ਤੇ ਕਰ।



## ਪਿਆਰ

ਉਹਨੂੰ ਪਿਆਰ ਹੋਇਆ ਮੇਰੇ ਨਾਲ
ਕਈ ਸਦੀਆਂ ਦਾ,
ਕਈ ਘੜੀਆਂ ਦਾ ਤੇ ਕਈ ਵਰ੍ਹਿਆਂ ਦਾ।
ਮੇਰੀ ਇਕੋ ਆਵਾਜ਼ ਤੇ ਮੋੜ ਦਿੰਦਾ
ਉਹ ਰਾਹ ਸਭ ਰੁੱਤਾਂ ਹਰੀਆਂ ਭਰੀਆਂ ਦਾ।
ਮੇਰੇ ਸਾਵੇਂ ਬਹਿੰਦਾ ਲੈਕੇ ਉਹ
ਭਰ ਥਾਲ ਇਕ ਰੀਝਾਂ ਬੜੀਆਂ ਦਾ।
ਮੇਰੀ ਖਾਮੋਸ਼ੀ ਚੁੱਭਦੀ ਓਹਨੂੰ ਏਦਾ
ਜਿਵੇਂ ਸਾਲੂ ਹੋਵੇ ਕੁੱਝ ਅੜੀਆਂ ਦਾ।
ਹਾਏ
ਓਹਨੂੰ ਪਿਆਰ ਹੋਇਆ ਮੇਰੇ ਨਾਲ
ਕਈ ਸਦੀਆਂ ਦਾ,
ਕਈ ਘੜੀਆਂ ਦਾ ਤੇ ਕਈ ਵਰ੍ਹਿਆਂ ਦਾ।

## ਸੁਪਨਾ

ਤੇਰਾ ਆਉਣਾ ਸੁਪਨੇ ਵਰਗਾ ਸੀ,
ਜਾਣਾ ਤੇਰਾ ਜਾਨ ਮੇਰੀ ਕੱਢਦਾ ਐ।
ਫੁੱਲ ਸੁੰਘਨੇ ਹਾਲੇ ਤਾਂ ਸਿੱਖੇ ਸੀ,
ਕਿਸੀ ਬੂਟਾ ਈ ਜੜ੍ਹ ਤੋਂ ਪੱਟ ਤਾ ਐ।
ਮੈਨੂੰ ਸਾਹਾਂ ਦਾ ਕੁੱਝ ਪਤਾ ਨਹੀਂ,
ਸੱਭ ਓਂਝਲ ਹੀ ਪਿਆ ਲੱਗਦਾ ਐ।
ਤੇਰਾ ਆਉਣਾ ਮੁਸ਼ਕਿਲ ਅੰਤਾਂ ਦੀ,
ਪਰ ਮੇਰਾ ਜਿਉਣਾ ਤਾਂ ਹੁਣ ਬਣਦਾ ਐ।
ਤੇਰੀ ਸਾਂਝ ਵੇਲੇ ਹੀ ਸੁੱਖ ਮੰਗੂ,
ਦੇਖੂੰ ਕੋਈ ਇਹ ਕਿਦਾਂ ਮੈਥੋਂ ਠੱਗਦਾ ਐ।



## ਪਰ ਸੱਚੀ ਜਾਣੀ ਮੈਨੂੰ ਪਿਆਰ ਨਹੀਂ ਆ

ਮੈਨੂੰ ਤੇਰੀ ਮੇਰੀ ਪਹਿਲੀ ਮੁਲਾਕਾਤ ਯਾਦ ਐ,
ਓਹ ਰੱਬ ਦਾ ਸਬੱਬ ਯਾਦ ਐ,
ਓਹ ਸੂਰਜ ਦੀ ਧੁੱਪ ਤੇ ਓਹ ਦਿਨ ਦਾ ਕੱਜ ਯਾਦ ਐ।
ਮੈਨੂੰ ਤੇਰਾ ਭੋਲਾਪਣ ਯਾਦ ਐ,
ਤੇਰੀ ਹੱਦ ਯਾਦ ਐ ਤੇ ਬੇਹੱਦ ਵੀ ਯਾਦ ਐ।
ਮੈਨੂੰ ਮੇਰਾ ਬਚਪਨਾਂ ਯਾਦ ਐ,
ਮੇਰਾ ਹੱਕ ਯਾਦ ਐ ਤੇ ਤੇਰੇ ਤੇ ਬੇਹਕ ਯਾਦ ਐ।
ਮੈਨੂੰ ਤੇਰਾ ਤੇ ਮੇਰਾ ਮੋਹ ਯਾਦ ਐ,
ਓਹ ਰਾਹ ਯਾਦ ਐ ਤੇ ਓਹ ਸਾਹ ਯਾਦ ਐ।
ਮੈਨੂੰ ਕੁਦਰਤ ਦੀ ਸਾਜਿਸ਼ ਯਾਦ ਐ,
ਤੇਰਾ ਆਉਣਾ ਵੀ ਯਾਦ ਐ ਤੇ ਤੇਰਾ ਜਾਣਾ ਵੀ ਯਾਦ ਐ।
ਮੈਨੂੰ ਤੇ ਮੇਰਾ ਚਾਅ ਯਾਦ ਐ,
ਮੇਰਾ ਰੱਬ ਯਾਦ ਐ ਤੇ ਤੂੰ ਯਾਦ ਐ।
ਪਰ ਸੱਚ ਜਾਣੀ ਮੈਨੂੰ ਪਿਆਰ ਨਹੀਂ ਆ।
ਬਾਕੀ ਸਭ ਕੁੱਝ ਐ ਬਸ ਆਪਣੇ ਤੇ ਇਤਬਾਰ ਨਹੀਂ ਆ।
....
ਪਰ ਸੱਚ ਜਾਣੀ ਮੈਨੂੰ ਪਿਆਰ ਨਹੀਂ ਆ।

## ਸੱਭ ਕੁੱਝ

ਤੂੰ ਮੈਨੂੰ ਜੱਚ ਜੇ ਗਿਆ ਸੀ ਸੂਹੀ ਧੁੱਪ ਵਾਂਗਰਾਂ।
ਉਸ ਫੁੱਲ ਵਾਂਗਰਾਂ ਜੋ ਹਾਲੇ ਉੱਗਿਆ ਹੀ ਸੀ।
ਮੇਰੀ ਜਾਨ ਸੀ ਜਾਂਦੀ ਤੈਨੂੰ ਦੇਖ ਦੇਖ ਕੇ।
ਤੂੰ ਕਦੀ ਸੋਚਿਆ ਨੀ ਸੀ,
ਉਸ ਰੁੱਖ ਵਾਂਗਰਾਂ ਜੋ ਬਸ ਹੱਸਦਾ ਹੀ ਨੀ।
ਤੂੰ ਮੇਰਾ ਸਭ ਕੁੱਝ ਸੀ ਉਸ ਰਾਹ ਵਾਂਗਰਾਂ।
ਜੋ ਲੰਬਾ ਸੀ ਬਥੇਰਾ ਪਰ ਮੁੱਕਦਾ ਨੀ ਸੀ।



## ਬੂਹੇ

ਦਿਲ ਆਪਣੇ ਦੇ ਬੂਹੇ ਬਸ ਖੋਲ੍ਹੇ ਤੇਰੇ ਲਈ ਸੀ ਵੇ,
ਸਭ ਖੇਰੂੰ ਖੇਰੂੰ ਹੋ ਗਿਆ ਜਦ ਤੂੰ ਦੂਰ ਗਿਆ।
ਦਿਲ ਨਾਦਾਨ ਇਹ ਗੱਲ ਸਮਝ ਹੀ ਨਾ ਪਾਇਆ,
ਕਿ ਪਿਆਰ ਮੇਰੇ ਵਰਗਿਆਂ ਦੇ ਵਸ ਦੀ ਗੱਲ ਈ ਨਹੀਂ ਏ।
ਤੈਨੂੰ ਬਿਨਾਂ ਗੱਲੋਂ ਇਲਜ਼ਾਮ ਵੀ ਕਾਹਤੋ ਲਾਵਾਂ ਵੇ,
ਇਹ ਕਾਗਜ਼ ਕਲਮ ਫੜਾ ਗਿਆ ਇਹੋ ਕਾਫ਼ੀ ਐ।

## ਲਾਟ

ਇਕ ਲਾਟ ਹੀ ਤੇ ਸੀ ਬਸ,
ਜਿਸਨੇ ਬੱਚਿਆਂ ਦੇ ਸੁਪਨੇ ਖੇਰੂੰ ਖੇਰੂੰ ਕਰ ਦਿੱਤੇ।
ਉਸਦੀ ਘਰਵਾਲੀ ਦੀਆਂ ਬਾਲੀਆਂ ਗਹਿਣੇ ਰਖਵਾ ਦਿੱਤੀਆਂ।
ਬੁੱਢੇ ਪਿਓ ਦੇ ਅੱਖਾਂ ਚੋ ਹੰਝੂ ਵਹਾ ਦਿੱਤੇ।
ਅੰਤ ਵਿੱਚ ਉਹ ਮਰਦਾ ਨਾ ਤਾਂ ਕੀ ਕਰਦਾ।
ਪਰ ਦੀਵਾਲੀ ਦੇ ਪਟਾਕਿਆਂ ਚ ਉਸਦੀਆਂ ਭੁੱਬਾਂ ਤੇ
ਸੁਣਾਈ ਹੀ ਨੀ ਦਿੱਤੀਆਂ,
ਨਾ ਵਾਹ ਵਾਹ ਕਰਵਾਉਣ ਵਾਲੇ ਗੀਤਕਾਰਾਂ ਨੂੰ
ਤੇ ਨਾ ਹੀ ਜੱਟਾਂ ਨੂੰ ਸਾਹੂਕਾਰ ਸਮਝਣ ਵਾਲਿਆਂ ਨੂੰ।



## ਖੁੰਦਕ

ਹਾਲ ਇਹਨਾਂ ਤਕਦੀਰਾਂ ਦੇ,
ਬੇਹਾਲ ਹੁੰਦੇ ਜਾਪਦੇ ਨੇ।
ਦਿਲ ਮੇਰੇ ਦੇ ਤਰਾਜ਼ੂ, ਪਾਣੀ ਦਿਆ ਝਰਨਿਆਂ ਵਾਂਗ,
ਹਰ ਰੋਜ਼ ਹੀ ਡੋਲਦੇ ਜਾਪਦੇ ਨੇ।
ਖੁੰਦਕ ਰਹਿੰਦੀ ਰੱਬ ਨਾਲ ਵੀ ਤੇ ਸਭ ਨਾਲ ਵੀ,
ਇਹ ਰੋਸੇ ਰੋਜ਼ ਤਨਹਾਈਆਂ ਬਣਦੇ ਜਾਪਦੇ ਨੇ।

## ਸ਼ਾਮ

ਨਾਪਾਕ ਜਿਹੇ ਆ ਪਾਕ ਸਾਥੋਂ ਹੋਇਆ ਗਿਆ ਨਾ।
ਨਾ ਚਾਹੁੰਦੇ ਵੀ ਜੁਦਾ ਤੈਥੋਂ ਹੋਇਆ ਗਿਆ ਨਾ।
ਤੇਰਾ ਪਿਆਰ ਹੀ ਸੀ ਜ਼ਿੰਦਗੀ ਦਾ ਚੜ ਦਾ ਸਵੇਰਾ।
ਭੁੱਲ ਕੇ ਵੀ ਕਿਸੀ ਹੋਰ ਦੀ ਸ਼ਾਮ ਸਾਥੋਂ ਹੋਇਆ ਗਿਆ ਨਾ।



## ਸਾਂਝ ਵੇਲੇ

ਸਾਂਝ ਵੇਲੇ ਹੀ ਧੁੱਪ ਨੱਚਦੀ ਮੇਰੇ ਬਨੇਰੇ ਤੇ,
ਮਿੱਟੀ ਲੱਭਦੀ ਪੈਰ ਤੇਰੇ ਮੇਰੇ ਘਰਦੇ ਚਾਰ ਚੁਫੇਰੇ ਚ।
ਮੇਰਾ ਆਪਾ ਲੱਭਦਾ ਤੈਨੂੰ ਕੁੜੇ,
ਹਰ ਆਉਂਦੇ ਜਾਂਦੇ ਰਾਵਾਂ ਚ।
ਇਕ ਵਾਰੀ ਆਕੇ ਮਿਲ ਤਾਂ ਸਹੀ,
ਖੌਰੇ ਮੁੱਕ ਈ ਨਾ ਜਾਵਾਂ ਰਾਵਾਂ ਚ।

# ਜਾਨ

ਤੈਨੂੰ ਉਮਰਾਂ ਤੀਕਰ ਚਾਹ ਲਿਆ ਏ,
ਮੈਂ ਚਾਹ ਕੇ ਵੀ ਨਹੀਂ ਭੁੱਲ ਸਕਦਾ।
ਤੇਰਾ ਚੇਹਰਾ ਮੈਨੂੰ ਭਾਹ ਗਿਆ ਏ,
ਮੈਂ ਹੋਰ ਕੋਈ ਨਹੀਂ ਚੁਣ ਸਕਦਾ।
ਤੂੰ ਪਾਕ ਮੁਹੱਬਤ ਮੇਰੀ ਏ,
ਮੇਰਾ ਸਭ ਕੁੱਝ ਤੈਥੋਂ ਕੁਰਬਾਨ ਕੁੜੇ।
ਮੈਂ ਨਾਮ ਲਉ ਤੇਰਾ ਰੱਬ ਵਾਂਗਰ,
ਇਕ ਵਾਰੀ ਬਣ ਤਾਂ ਮੇਰੀ ਜਾਨ ਕੁੜੇ।



# ਭੱਠੀ

ਦਿਲ ਦੀ ਭੱਠੀ ਭੱਖਦੀ ਭੱਖਦੀ ਭੱਖ ਜਾਂਦੀ ਏ ਰਾਤਾਂ ਨੂੰ।
ਸੁਲਗਣ ਸੁਪਨੇ ਵਾਂਗ ਮੇਰੇ ਪ੍ਰਭਾਤ ਦੀਆਂ ਕੁਝ ਬਾਤਾਂ ਨੂੰ।
ਇਕ ਇਕ ਕਰਕੇ ਭੱਖਦੇ ਰਹਿੰਦੇ ਤਾਰੇ, ਚੰਨ ਤੇ ਮਿੱਟੀ ਦੇ ਕਣ।
ਭਾਂਬੜ ਸੁਣਦੇ ਉਹਨਾਂ ਨੂੰ ਜੋ ਸੁਣਨਾ ਚਾਹੁੰਦੇ ਚਾਵਾਂ ਨਾਲ।
ਕੁੱਝ ਨੂੰ ਸੁਣਦੀ ਸ਼ੀਤ ਹਵਾ ਵੀ ਪਿੱਟਦੀ ਰਾਤ ਬਰਾਤਾਂ ਨੂੰ।
ਕੁੱਝ ਨੂੰ ਸੁਣਦੇ ਜੁਗਨੂੰ ਰੋਂਦੇ ਛੱਪੜ ਕੰਢੇ ਕੁੱਝ ਬਾਤਾਂ ਨੂੰ।
ਕੁੱਝ ਨੂੰ ਸੁਣਦਾ ਆਪਾ ਰੋਂਦਾ ਵਾਂਗ ਪਿੰਜਰ ਪਰਜਾਤਾਂ ਨੂੰ।
ਤੇ
ਕੁੱਝ ਨੂੰ ਸੁਣਦੇ ਤਾਰੇ ਰੋਂਦੇ ਚੰਨ ਦੀਆ ਰੌਸ਼ਨ ਝਾਕਾਂ ਨੂੰ।
ਦਿਲ ਦੀ ਭੱਠੀ ਭੱਖਦੀ ਭੱਖਦੀ ਭੱਖ ਜਾਂਦੀ ਏ ਰਾਤਾਂ ਨੂੰ।

## ਕਤਲੇਆਮ

ਵਰ੍ਹਿਆਂ ਦੀ ਜ਼ਿੰਦਗੀ ਚ ਦਰਦ ਬਥੇਰੇ,
ਕੁੱਝ ਕਾਤਿਲ ਨੇ ਇੱਥੇ ਉਂਝ ਸਾਊ ਨੇ ਚਿਹਰੇ।
ਰੁੱਤਾਂ ਦੀ ਬਦਲੀ ਉੱਡ ਉੱਡ ਏ ਜਾਂਦੀ,
ਕੌਣ ਉਡਾਵੇ ਇਹ ਕਾਲੇ ਹਨੇਰੇ।
ਜੋ ਜੱਗ ਨੂੰ ਹਸਾਵੇ ਉਹ ਰੋਂਦਾ ਏ ਰਾਤੀ,
ਰਾਤਾਂ ਵੀ ਜਾਗਣ ਇਹ ਕੌਣ ਸਮਝਾਵੇ।
ਘਰ ਬਾਜੋ ਕੋਈ ਨਾ ਦੇਖਣ ਰਾਵਾਂ ਨੂੰ,
ਪਰ ਘਰ ਹੀ ਜਦ ਖਾਵੇ ਤਾਂ ਕੋਈ ਕਿੱਥੇ ਜਾਵੇ।
ਮਰਦੇ ਖਿਆਲਾਤ ਨੇ ਸਭ ਦੇ ਹਰ ਰੋਜ਼ ਹੀ,
ਕੋਈ ਉੱਕਾ ਹੀ ਲਫਜ਼ਾ ਚ ਸਭ ਕੁੱਝ ਉਤਾਰੇ।



## ਸੱਚਾਈ

ਮੈਂ ਉੱਕਾ ਹੀ ਨੀ ਜੋੜਦੀ ਖੁਸ਼ੀ ਦੀਆਂ ਉੱਚੀਆਂ ਕੰਧਾਂ ਨੂੰ,
ਇਸ਼ਕ ਦੀਆਂ ਦੀਵਾਰਾਂ ਨਾਲ।
ਹਰ ਖੁਸ਼ੀ ਸਰੀਰਕ ਸੰਬੰਧਾਂ ਤੱਕ ਹੀ ਨਹੀਂ ਹੁੰਦੀ।
ਕਦੀ ਕਦੀ ਖੁਸ਼ੀ ਪਗਡੰਡੀ ਤੇ ਫਲ ਵੇਚ ਰਹੇ ਦੇ ਹੋਕੇ ਚ ਵੀ ਨੱਚਦੀ ਏ।
ਕਦੀ ਕਦੀ ਖੁਸ਼ੀ ਸੱਥ ਦੀਆਂ ਅਵਾਜ਼ਾਂ ਵਿੱਚ ਵੀ ਗੂੰਜਦੀ ਏ।
ਕਦੀ ਕਦੀ ਖੁਸ਼ੀ ਕਿਤਾਬਾਂ ਵਿਚ ਵੀ ਹੱਸਦੀ ਏ।

ਨਾ ਹੀ ਮੈਂ ਕਦੀ ਖੁਸ਼ੀ ਨੂੰ ਦੁੱਖਾਂ ਦੇ ਨਾਲ ਤੋਲਿਆ।
ਦਿੱਲ ਟੁੱਟਣ ਦੇ ਬਹੁਤ ਤਰੀਕੇ ਮੌਜੂਦ ਨੇ ਦੁਨੀਆਂ ਤੇ,
ਕਦੀ ਕਦੀ ਦਿੱਲ ਟੁੱਟ ਜਾਂਦਾ ਭੁੱਖੇ ਬੱਚੇ ਦੀ ਚੀਕ ਨਾਲ ਹੀ।
ਕਦੀ ਕਦੀ ਉਦਾਸੀ ਵੀ ਨਹੀਂ ਹੁੰਦੀ ਕਿਸੀ ਤੋਂ ਜੁਦਾ ਹੋਕੇ।
ਦਿਲ ਖੰਡਰ ਹੀ ਹੋ ਜਾਂਦਾ ਲੱਖਾਂ ਹੀ ਹੱਸਦਿਆਂ ਚੇਹਰਿਆਂ ਚ।
ਉਦਾਸੀ ਦਾ ਕਾਰਣ ਪਿਆਰ ਚ ਮਿਲਿਆ ਧੋਖਾ ਹੀ ਨੀ,
ਸਗੋਂ ਮਾੜੀ ਔਲਾਦ ਵੀ ਖੁਸ਼ੀ ਨੂੰ ਜੰਜੀਰਾਂ ਚ ਜਕੜ ਕੇ
ਮੀਲਾਂ ਦੂਰ ਸੁੱਟ ਦਿੰਦੀ ਏ।

# ਚਿਹਰਾ

ਉਹ ਚਿਹਰਾ ਹੀ ਸੀ ਜਿਸਨੇ
ਮੈਨੂੰ ਕਰਜ਼ਦਾਰ ਬਣਾ ਦਿੱਤਾ।
ਵਰਨਾ ਬਹੁਤਾ ਧੰਨ ਪਿਆ ਮਿੱਟੀ
ਹੁੰਦਾ ਰਿਹਾ ਸੀ ਮੇਰੀ ਅਲਮਾਰੀ ਦੀਆਂ
ਚਾਰ ਦੀਵਾਰਾਂ ਚ।



# ਸਭ ਖਤਮ ਹੋਣ ਦੀ ਹੱਦ ਤੇ

ਇਹ ਪੌਣ ਪਾਣੀ,
ਇਹ ਪੌਦੇ ਰੁੱਖ ਬਹਾਰਾਂ,
ਇਹ ਮਾਸੂਮੀਅਤ ਭਰੇ ਚਿਹਰੇ,
ਨਾਂ ਕਹੀਆਂ ਗਈਆਂ ਤੇ
ਨਾਂ ਸੁਣੀਆਂ ਗਈਆਂ ਲੱਖਾਂ ਹੀ ਦੁਆਵਾਂ।
ਫੁੱਲਾਂ ਦੀਆਂ ਪੱਤੀਆਂ ਤੇ
ਘਾਹ ਦੀਆਂ ਖੁਸ਼ਬੂਆਂ।
ਲੰਮੇ ਪੈਂਡੇ,
ਸੁਲੱਖਣੇ ਉੱਚੇ ਨੀਵੇਂ
ਪਰ ਸਹਿਜਤਾ ਭਰੇ ਰਸਤੇ।
ਨਿੱਕੇ ਫੁੱਲ ਕਿੱਕਰਾਂ ਦੇ,
ਪਿੱਪਲਾਂ ਤੇ ਚਹਿਕਦੀਆਂ ਚਿੜੀਆਂ ਤੇ
ਰਹੱਸਮਈ ਕੋਇਲਾਂ ਦੀਆਂ ਅਵਾਜ਼ਾਂ।
ਸਭ ਖਤਮ ਹੋਣ ਦੀ ਹੱਦ ਤੇ ਏ,
ਸਭ ਵਿਦਾਈ ਮੰਗਦੇ ਨੇ ਕਿਸੀ
ਹੋਰ ਟਿਕਾਣੇ ਦੀ।

## ਦੂਰ ਦੁਰਾਡੇ

ਦੂਰ ਦੁਰਾਡੇ ਵਸਦਿਆਂ ਸੱਜਣਾਂ
ਸਾਂਝ ਵੇ ਪਾਲਾ ਰਾਵਾਂ ਨਾਲ।
ਵੇ ਮੈਂ ਘਲ ਦਿਉ ਮਿੱਟੀ ਦੇ ਕਣ
ਜੋ ਚੁੰਮਣ ਗੇ ਤੇਰੇ ਪੈਰਾਂ ਦੇ ਤਲ।
ਤੂੰ ਵੀ ਅਹਿਸਾਸ ਕਰੀ ਮੇਰਾ ਉਹਨਾਂ ਚੋ
ਜੋ ਮੈਨੂੰ ਜਾਪਣ ਤੇਰੇ ਵਾਂਗ।
ਇਹ ਮਿੱਟੀ ਦੇ ਕਣ ਉੱਡਦੇ ਰਹਿੰਦੇ
ਵਾਂਗ ਮਸੀਹੇ ਰਾਵਾਂ ਦੇ ਵਿੱਚ।
ਕਣ ਕਣ ਜੁੜਕੇ ਮਿੱਟੀ ਬਣਦੀ
ਜੀਵਨ ਦੀ ਜੋ ਹੋਂਦ ਏ ਕਰਦੀ।
ਕਣ ਕਣ ਜੁੜਕੇ ਪਰਬਤ ਬਣਦੇ
ਕੁਦਰਤ ਦੇ ਸਿਰਮਾਏ ਜੋ।
ਕਣ ਕਣ ਜੁੜਕੇ ਬੰਦਾ ਬਣਦਾ
ਕਣ ਨੂੰ ਲੱਭਣ ਜਾਏ ਜੋ।
ਕਣ ਕਣ ਵਿੱਚ ਵਾਸ ਉਹ ਰੱਬ ਦਾ
ਰਸਤਾ ਤੈਨੂੰ ਦਿਖਾਏ ਜੋ।
.
ਦੂਰ ਦੁਰਾਡੇ ਵਸਦਿਆਂ ਸੱਜਣਾਂ
ਸਾਂਝ ਵੇ ਪਾਲਾ ਰਾਵਾਂ ਨਾਲ।



## ਰੀਝਾਂ

ਕੁੱਝ ਰੀਝਾਂ ਉਹਦੇ ਅੰਦਰ ਨੇ,
ਜੋ ਜਗਦੀਆਂ ਬੁਝਦੀਆਂ ਰਹਿੰਦੀਆਂ ਨੇ।
ਕੁੱਝ ਬੰਦਸ਼ਾਂ ਜਾਪਣ ਦੁਨੀਆਂ ਦੀਆਂ,
ਕੁੱਝ ਉਮਰਾਂ ਨਾ ਸਾਥ ਦੇਂਦੀਆਂ ਨੇ।

## ਹਵਾ

ਚੱਲਦੀ ਹਵਾ ਦਾ ਰੁਖ ਬਦਲਕੇ ਤਾਂ ਦੇਖ
ਤੈਨੂੰ ਉਹ ਵੀ ਦਿਖੇਗਾ, ਜਿਸਨੂੰ ਤੇਰੀ ਹੀ ਉਡੀਕ ਸੀ।
ਅਣਜਾਣ ਰਾਹ ਵਿੱਚ ਖਲੋਕੇ ਤਾਂ ਦੇਖ
ਤੈਨੂੰ ਉਹ ਵੀ ਮਿਲਜੂ, ਜੋ ਤੇਰੇ ਲਈ ਹੀ ਰੁਕਿਆ ਸੀ।
ਬਾਰੀ ਖੋਲ ਕੇ ਕੁੱਝ ਪਲ ਖਲੋ ਤੇ ਸਹੀ
ਤੈਨੂੰ ਉਹਦਾ ਵੀ ਅਹਿਸਾਸ ਹੋਊ, ਜੋ ਬਾਰੀ ਖੁਲਣੇ ਦੀ ਆਸ ਚ ਸੀ।
ਦੋ ਪਲ ਬੈਠਕੇ ਤੇ ਦੇਖ ਪਾਣੀ ਦਿਆ ਝਰਨਿਆਂ ਕੋਲ
ਤੈਨੂੰ ਉਹਦਾ ਸਾਇਆ ਵੀ ਦਿੱਖ ਜਾਏਗਾ, ਜੋ ਚਿਹਰਾ ਕਦੀ ਤੇਰੇ ਤੋਂ
ਬਣਿਆ ਹੀ ਨੀ।



## ਤਕਦੀਰ

ਕੁੱਝ ਭੇਦ ਇਹਨਾਂ ਤਕਦੀਰਾਂ ਦੇ ਮੈਨੂੰ ਸਮਝ ਜੇ ਆਉਣੋਂ ਹਟ ਗਏ ਨੇ।
ਇਹ ਝੱਖੜ ਲੰਬੀਆਂ ਰਾਵਾਂ ਦੇ ਸੱਭ ਖੇਰੂੰ ਖੇਰੂੰ ਕਰ ਗਏ ਨੇ।
ਨਾ ਚਾਹੁੰਦੇ ਤੇਰੇ ਦਿੱਲੀ ਦਿਲਾਸੇ ਮੈਨੂੰ ਅੱਧ ਅਧੂਰਾ ਕਰ ਗਏ ਨੇ।
ਮੇਰੇ ਰਾਹ ਸੱਭ ਔਂਝਲ ਹੋ ਗਏ ਨੇ ਜੋ ਤੇਰੇ ਵੱਲ ਨੂੰ ਪਰਤੇ ਨੇ।
ਹਵਾ ਜੀਰੀ ਦਿਆਂ ਖੇਤਾਂ ਚੋਂ ਮੈਨੂੰ ਆਕੇ ਕੁੱਝ ਗੱਲਾਂ ਦੱਸਦੀ ਏ।
ਕੁੱਝ ਦੱਸਦੀ ਰਮਜਾਂ ਖੁਦਾ ਦੀਆਂ ਫਿਰ ਤੇਰੇ ਵੱਲ ਨੂੰ ਨੱਸਦੀ ਏ।
ਤੈਨੂੰ ਲੱਭਦੀ ਗਲੀਆਂ ਰਾਵਾਂ ਚ ਫਿਰ ਮੇਰੇ ਅੰਦਰ ਆ ਵੱਸਦੀ ਏ।

## ਸੂਰਜ

ਕੁੱਝ ਸੂਰਜ ਢਲਦਾ ਤੱਕਦੇ ਨੇ
ਕੁੱਝ ਕਿਰਣਾਂ ਨੂੰ ਨਿਹਾਰਦੇ ਨੇ।
ਕੁੱਝ ਖਫਾ ਨੇ ਬੰਜਰ ਮਿੱਟੀਆਂ ਤੋਂ
ਕੁੱਝ ਮੋਤੀ ਉਸ ਚੋ ਭਾਲਦੇ ਨੇ।
ਇਹ ਪੌਦੇ ਪੌਣਾਂ ਹੱਸਦੇ ਨੇ
ਜਦ ਲੋਕੀ ਆਪਾ ਕਿਸੀ ਤੋਂ ਵਾਰਦੇ ਨੇ।
ਫੁੱਲ ਮਰਝਾਉਂਦੇ ਵੀ ਨੱਚਦੇ ਨੇ
ਜਦ ਮੀਹ ਦੇ ਤੁਪਕੇ ਉਹਨਾਂ ਨੂੰ ਸਵਾਰਦੇ ਨੇ।
ਹੁਣ ਤੇ ਪੰਛੀ ਵੀ ਉੱਡੇ ਜਾਂਵਦੇ ਨੇ
ਲੱਗਦਾ ਹੋਰ ਟਿਕਾਣਾ ਭਾਲਦੇ ਨੇ।



## ਸੱਭ ਕੁੱਝ

ਉਹਦਾ ਵਹਿ ਜਾਣਾ ਮੇਰੇ ਕੋਲੋਂ ਦੀ
ਮੇਰੇ ਸਾਹਾਂ ਨੂੰ ਪੜ੍ਹਨੇ ਪਾਉਂਦਾ ਏ।
ਮੇਰੀ ਜਾਨ ਜਾਂਦੀ ਜਦ ਤੁੱਪਕਾ ਤੁੱਪਕਾ
ਪੱਥਰਾਂ ਨੂੰ ਰਸ਼ਨਾਉਂਦਾ ਏ।
ਇਹ ਗਲੀਆਂ, ਘਾਹ ਤੇ ਝਰਨੇ ਸੱਭ
ਮੈਨੂੰ ਤੇਰੇ ਵਰਗੇ ਲੱਗਦੇ ਨੇ।
ਇਹ ਹਵਾਂ, ਰੁੱਖ ਤੇ ਪੱਥਰ
ਸੱਭ ਮੇਰਾ ਆਪਾ ਮੈਥੋਂ ਠੱਗਦੇ ਨੇ।
ਇਹ ਖਿਆਲਾਤ ਮੇਰੇ ਮੈਨੂੰ ਜਿੰਦਾ ਰੱਖਦੇ
ਤੇ ਏਹੀ ਮੈਨੂੰ ਜੱਚਦੇ ਨੇ।

## ਵਾਸ

ਉਹਨਾਂ ਰਾਵਾਂ ਦੀਆਂ ਅਪਣੱਤ ਤੱਕ ਪਹੁੰਚਣ ਵਾਲੀਆਂ ਤੰਗ ਗਲੀਆਂ ਨੇ
ਮੇਰੇ ਅੰਦਰ ਤੱਕ ਘਰ ਕਰ ਦਿੱਤਾ।
ਕੁਦਰਤ ਦੀ ਨਾਪਾਕ ਸੁੰਦਰਤਾ ਸਿਰਫ਼ ਪੌਣ ਪਾਣੀ ਹੀ ਨੀ ਤਹਿ ਕਰਦੇ।
ਕਦੀ ਕਦੀ ਸਾਡਾ ਨਜ਼ਰੀਆ ਵੀ ਹੱਸਦੀਆਂ ਪੌਣਾਂ ਨੂੰ ਸਵਰਗ ਮਨ ਲੈਂਦਾ ਏ।
ਮਿੱਟੀ ਨੂੰ ਖੁਸ਼ਬੋਈ ਕਰ ਦਿੰਦਾ ਏ।
ਘਾਹ ਨੂੰ ਬੋਲਣ ਲਗਾ ਦਿੰਦਾ ਏ।
ਤੇ ਹਰ ਆਉਂਦੇ ਜਾਂਦੇ ਰਾਸਤੇ ਨੂੰ ਰੁਸ਼ਨਾ ਦਿੰਦਾ ਏ।
ਇਹਨਾਂ ਸਭ ਤਾਰੰਗਾਂ ਨੇ ਮੋਹ ਲਿਆ ਮੈਨੂੰ।
ਹੁਣ ਤੇ ਜੀ ਕਰਦਾ ਮਨ ਬਹਿਲਾਵੇ ਲਈ ਪਹਾੜ ਜਾਂ ਹਵਾ ਬਣ ਜਾਵਾਂ।



## ਕੁੱਝ ਪੰਨੇ ਐਸੇ ਵੀ

ਜਦ ਜਾਗ ਆਈ ਸੱਭ ਕੁੱਝ ਨਵਾ ਨਰੋਇਆ ਸੀ।
ਜ਼ਿੰਦਗੀ ਦੇ ਪੰਨੇ ਖੁੱਲ ਗਏ ਸਨ,
ਕੁੱਝ ਐਸੇ ਰਾਵਾਂ ਵੱਲ।
ਜੋ ਮੇਰੀ ਜ਼ਿੰਦਗੀ ਦਾ ਸਰਮਾਇਆ ਲੱਗਦੇ ਨੇ।
ਜਿਨ੍ਹਾਂ ਵਿੱਚ ਮੈਂ ਧੁਰ ਤੱਕ ਸਮਾ ਜਾਣਾ ਚਾਹੁੰਦੀ ਆ।
ਜਿਨ੍ਹਾਂ ਦੇ ਰਾਹ ਮੇਰੇ ਅੰਦਰ ਇਕ ਉਮੀਦ ਜਗਾਉਂਦੇ ਨੇ।
ਤੇ ਜੋ ਮੈਨੂੰ ਹੋਰ ਖੁੱਲ੍ਹ ਕੇ ਜਿਊਣ ਦੀ ਕਲਾ ਸਿਖਾਉਂਦੇ ਨੇ।
ਕੁੱਝ ਪੰਨੇ ਐਸੇ ਵੀ ਜੋ ਮੇਰਾ ਆਪਾ ਦਰਸਾਉਂਦੇ ਨੇ।

## ਪਲ

ਉਹਦੇ ਨਾਲ ਬਿਤਾਇਆ ਇਕ ਇਕ ਪਲ
ਹੁਣ ਸਾਹਾਂ ਤੱਕ ਹੋਕੇ ਲੰਘਦਾ ਏ।
ਉਹ ਹਵਾ ਦੀਆਂ ਲਹਿਰਾਂ ਜਿਹਾ
ਬਾਰਿਸ਼ ਵਾਂਗੂੰ ਵਰਦਾ ਏ।
ਉਹਦੇ ਸੰਗ ਰੁੱਤਾਂ ਵੀ ਹੱਸਦੀਆਂ ਤੇ
ਫੁੱਲ ਵੀ ਮਹਿਕਾ ਛੱਡ ਦੇ ਨੇ।
ਉਹਦਾ ਸਾਇਆ ਮੰਗਣ ਦੇ ਲਈ ਵੀ
ਲੱਗਦਾ ਲੋਕ ਦੁਆਵਾਂ ਮੰਗਦੇ ਨੇ।



## ਗੱਲਾਂ

ਰੇਤ ਦੇ ਕਣ ਜੁੜ ਜੁੜ ਕੇ
ਕੁੱਝ ਗੱਲਾਂ ਕਰਦੇ ਬੇਸਮਝ ਜਿਹੀਆਂ।
ਬੇਖ਼ੌਫ ਜਿਹੀਆਂ,
ਬੰਜਰ ਜਿਹੀਆਂ ਤੇ
ਦਿਲੋਂ ਪਾਰ ਜਿਹੇ ਕਿਸੇ ਖੰਜਰ ਜਿਹੀਆਂ।

## ਮਾਵਾਂ ਦੇ ਸਾਥ

ਉਹਨੇ ਉੱਕਾ ਈ ਕਦੀ ਗੁੱਸਾ ਨਹੀਂ ਕੀਤਾ,
ਮੇਰੇ ਬਚਪਨੇਂ ਤੇ ਮੇਰੀਆਂ ਸ਼ਰਾਰਤਾਂ ਦਾ।
ਜਦ ਕਦੀ ਵੀ ਮੈਂਨੂੰ ਉਦਾਸ ਦੇਖਦੀ,
ਉਹਦਾ ਰੋਮ ਰੋਮ ਕੰਬ ਜਾਂਦਾ।
ਉਹ ਹੀ ਜਾਣਦੀ ਏ ਮੇਰੇ ਚੰਗੇ ਤੇ ਬੁਰੇ ਰਾਵਾਂ ਨੂੰ,
ਮੇਰੇ ਤੋਂ ਵੀ ਵੱਧ।
ਫਿਰ ਰੱਬ ਦਾ ਦਰਜਾ ਕਿਉ ਨਾ ਦੇਵਾਂ ਮੈਂ ਮੇਰੀ ਮਾਂ ਨੂੰ।



## ਉਹ

ਉਹਦਾ ਹਾਸਾ ਉਹਦੇ ਚਿਹਰੇ ਨੂੰ ਰੁਸ਼ਨਾ ਦਿੰਦਾ ਏ,
ਇਕ ਬੁਝੇ ਹੋਏ ਦੀਵੇ ਨੂੰ ਬਲਣੇ ਲਾ ਦਿੰਦਾ ਏ।
ਉਹ ਨੀ ਜਾਣਦਾ ਕਿ ਕੀ ਕੀ ਬੀਤੇ ਦਿਲਾਂ ਉਤੇ,
ਉਹ ਤੇ ਬਸ ਮੂੰਹ ਫੇਰ ਆਪਣੀਆਂ ਨਜ਼ਰਾਂ ਝੁਕਾ ਲੈਂਦਾ ਏ।
ਉਹ ਖਿੱਝ ਤੇ ਜਾਂਦਾ ਏ ਪਰ ਹੌਲੀ ਹੌਲੀ ਸ਼ੀਤ ਹੋ ਜਾਂਦਾ,
ਜਿਵੇਂ ਇੱਕ ਲਹਿਰ ਬਾਅਦ ਦਰਿਆ ਅਪਣੀ ਗਤੀ ਚ ਆ ਜਾਂਦਾ ਏ।
ਉਹਦੇ ਇੱਕ ਇੱਕ ਪਲ ਦੀ ਮੋਹਤਾਜ ਕੁਦਰਤ ਜਾਪਦੀ ਏ,
ਜਦ ਉਹ ਭਿਕਸ਼ੂ ਬਣ ਪਿੰਡੋਂ ਪਿੰਡੀ ਫੇਰਾ ਪਾਵਦਾ ਏ।

## ਰਾਸਤੇ

ਕੁੱਝ ਰਾਵਾਂ ਲੰਮੀਆਂ ਨੇ,
ਕੁੱਝ ਅਜਬ ਸਲੀਕੇ ਨੇ।
ਕਦੀ ਰੂਹਾਂ ਠਰਦੀਆਂ ਨੇ,
ਕਦੀ ਜਾਮ ਵੀ ਪੀਤੇ ਨੇ।
ਫਿਰ ਓਥੇ ਹੀ ਆ ਗਏ ਆ,
ਜਿਥੋਂ ਦੀ ਲੰਘੇ ਸੀ।
ਤੇਰੀ ਮੌਜ਼ੂਦਗੀ ਨੇ ਰਾਹ ਸੌਖਾ ਕਰਤਾ ਸੀ,
ਹੁਣ ਉਹੀ ਰਸਤਾ ਏ,
ਮੁੱਕਣੇ ਨੂੰ ਆਉਂਦਾ ਨੀ।
ਕੁੱਝ ਉਡੀਕ ਵੀ ਲੰਮੀ ਸੀ,
ਕੁੱਝ ਤੂੰ ਵੀ ਰੁੱਖ ਵਰਗਾ।
ਦੋਵਾਂ ਦੇ ਵਿੱਚ ਮੈਂ,
ਪਿੱਸ ਪਿੱਸ ਕੇ ਕਣ ਬਣ ਗਿਆ।
ਹੁਣ ਰੇਤ ਵੀ ਜਚਦੀ ਏ,
ਮੈਂਨੂੰ ਇਹ ਰਾਵਾਂ ਦੀ।
ਇਹ ਰੇਤ ਵੀ ਸੋਨਾ ਏ,
ਬਸ ਸੋਚਣ ਦੀਆਂ ਬਾਤਾਂ ਨੇ।



## ਪਿੰਜਰ

ਹਜ਼ਾਰਾਂ ਦਫਾ ਖਿੱਚਿਆ ਏ,
ਮੁਰਦਾ ਘਰ ਦੀਆਂ ਰਾਵਾਂ ਨੇ ਅਪਣੇ ਵਲ ਨੂੰ।
ਕਿੰਨੀ ਹੀ ਵਾਰ ਆਪਣੇ ਆਪ ਨੂੰ,
ਉਹਨਾਂ ਨਾਲ ਗੱਲਾਂ ਕਰਦੇ ਪਾਇਆ ਏ,
ਜਿਨਾਂ ਦਾ ਕੋਈ ਵਜ਼ੂਦ ਹੀ ਨਹੀਂ ਹੈ।
ਪਿੰਜਰ ਵੀ ਸਹਿਮਦੇ ਲੱਗੇ ਨੇ,
ਉਸਦੀਆਂ ਰਹੱਸਮਈ ਮਾਰਾਂ ਤੋਂ।
ਹਵਾ ਦੇ ਵਾ-ਵਿਰੋਲੇ ਭਾਂਬੜ ਵਾਂਗ ਜਾਪਦੇ,
ਜਦ ਮੱਠੀ ਮੱਠੀ ਲੋ ਭੱਖਦੀ ਏ,
ਗਰਮ ਰੁੱਤਾਂ ਦੀਆਂ ਰਾਵਾਂ ਚ।
ਪਿੰਜਰ ਜਿਹਾ ਜਾਪਦਾ ਏ ਸਰੀਰ,
ਇਹਨਾਂ ਪਾਪਾਂ ਦੀਆਂ ਕਰਾਮਾਤਾਂ ਚ।

# ਅੰਤਰ ਝਾਤ

ਮੰਨਦੀ ਆ ਲੱਖਾਂ ਐਬ ਨੇ ਮੇਰੇ ਅੰਦਰ,
ਲੱਖਾਂ ਵਾਰ ਈ ਮਨ ਭਟਕ ਗਿਆ ਏ ਰਾਹਾਂ ਤੋਂ।
ਨਾਂ ਚਾਹੁੰਦੇ ਵੀ ਉਹ ਪਾਪ ਵੀ ਸੋਚੇ ਨੇ,
ਜਿਨਾਂ ਵੱਲ ਦੇਖਣ ਦੀ ਕਦੀ ਰੂਹ ਹੀ ਨੀ ਕੀਤੀ।
ਕਦੀ ਕਦੀ ਮਾੜਾ ਉਹਨਾਂ ਰਾਹਾਂ ਨੂੰ ਵੀ ਕਿਹਾ,
ਜਿਨਾਂ ਕਰਕੇ ਏਥੇ ਤੱਕ ਪਹੁੰਚ ਗਈ ਆ।
ਇਹ ਜੀਵਨ ਵੀ ਵਿਅਰਥ ਜਿਹਾ ਲਗੇ ਕਦੀ ਕਦੀ,
ਜਿਸ ਕਰਕੇ ਦੁਨੀਆਂ ਦਾ ਸੱਚ ਝੂਠ ਪਤਾ ਲੱਗਿਆ।
ਕਦੀ ਕਦੀ ਜਿਉਣਾ ਵੀ ਮੌਤ ਜਿਹੀ ਲੱਗੇ,
ਕਦੀ ਹਾਸੇ ਵੀ ਖਾਮੋਸ਼ੀ ਜਿਹੇ ਜਾਪਦੇ।
ਕਦੀ ਕਦੀ ਸਭ ਇਕਾਂਤ ਜਿਹਾ ਲੱਗੇ,
ਦੂਜੇ ਈ ਪਲ ਸਭ ਏਥੇ ਵੱਸਦੇ ਜਾਪਦੇ।



# ਖਿਆਲਾਤੀ ਡਰ

ਕਈ ਵਾਰ ਸੂਰਜ ਦੀ ਧੁੱਪ ਚ ਵੀ ਸੇਕਾ ਨੀ ਮਹਿਸੂਸ ਹੁੰਦਾ,
ਕਈ ਵਾਰ ਚੁੱਭਦੀ ਏ ਚੰਨ ਦੀ ਠੰਡੀ ਤੇ ਸ਼ੀਤ ਰੌਸ਼ਨੀ ਵੀ।
ਦੂਰ ਦੁਰਾਡੇ ਤੋਂ ਸਿੱਲੀਆਂ ਤੇ ਮੱਧਮ ਆਵਾਜ਼ਾਂ ਆਉਂਦੀਆਂ,
ਕੁੱਝ ਚਿੱਥੜੇ ਭਾਂਬੜਾਂ ਵਾਂਗ ਮਚਦੇ ਜਾਪਦੇ।
ਕੁੱਝ ਸੁੱਕੀਆਂ ਟਹਿਣੀਆਂ ਦੁਆਵਾਂ ਕਰਦੀਆਂ
ਹਰੇ ਭਰੇ ਤੇ ਸ਼ਾਂਤ ਵਾਤਾਵਰਣ ਦੀਆਂ।
ਲੋਕਾਂ ਦੀ ਲੱਖਾਂ ਦੀ ਭੀੜ ਚ ਵੀ ਇਕਾਂਤ ਮਹਿਸੂਸ ਹੁੰਦਾ।
ਕਈ ਵਾਰ ਦਿੱਲ ਨੂੰ ਸ਼ਾਂਤੀ ਵੀ ਮਿਲੀ ਏ
ਮੁਰਦਿਆਂ ਦੀਆਂ ਰਾਹਾਂ ਚ।
ਕਦੀ ਕਦੀ ਘੁੱਟਣ ਮਹਿਸੂਸ ਹੁੰਦੀ ਸਾਫ਼ ਹਵਾਵਾਂ ਚ,
ਕਦੀ ਦਿੱਲ ਬੇਖੌਫ਼ ਜਿਹਾ ਵੀ ਜਿਊਂਦਾ ਰਿਹਾ ਏ ਗੰਧਲੇ ਅਸਮਾਨਾਂ ਚ।
ਕਦੀ ਉਂਝ ਈ ਮਰ ਜਾਣ ਨੂੰ ਦਿੱਲ ਕਰਦਾ,
ਕਦੀ ਦਿੱਲ ਜਿਊਣਾ ਚਾਹੁੰਦਾ ਏ ਮਰ ਚੁੱਕਿਆ ਦੇ ਸਾਹਾਂ ਚ।

## ਅਫਸਾਨੇ

ਉਹਨੂੰ ਬਦਾਮ ਦੀਆਂ ਗਿਰੀਆਂ ਵੀ ਜ਼ਹਿਰ ਲੱਗਦੀਆਂ,
ਕਦੀ ਕਦੀ ਕਿੱਕਰਾਂ ਦੇ ਫੁੱਲਾਂ ਨੂੰ ਵੀ ਨਿਹਾਰਦਾ ਰਿਹਾ ਏ।

ਉਹ ਗੁਲਾਬ ਨੂੰ ਵੀ ਬਿਨਾਂ ਦੇਖੇ ਲੰਘਿਆ ਏ ਕਈ ਵਾਰ,
ਪਰ ਰਿੰਡ ਚੋਂ ਵੀ ਖੁਸ਼ਬੂ ਭਾਲਦਾ ਰਿਹਾ ਏ।

ਸ਼ਕਲ ਸੂਰਤ ਤੋਂ ਕਿਤੋਂ ਦਾ ਨਵਾਬ ਜਾਪਦਾ,
ਪਰ ਕਈ ਵਾਰ ਭੁੱਖਿਆਂ ਤੇ ਆਪਾ ਵਰਦਾ ਰਿਹਾ ਏ।

ਉਹ ਦੂਰੋਂ ਦੂਰੋਂ ਜਾਪਦਾ ਏ ਮਚਦੇ ਭਾਂਬੜ ਵਰਗਾ,
ਪਰ ਜਮਾ ਕੋਲੋਂ ਦੁੱਧ ਤੋਂ ਵੀ ਪਾਕ ਜਾਪਦਾ ਰਿਹਾ ਏ।



## ਹਵਾਵਾਂ

ਇਹ ਸਹਿਸਕਦੇ ਬੁੱਲੇ ਹਵਾਵਾਂ ਦੇ
ਅਕਸਰ ਹੀ ਕੁਝ ਕਹਿੰਦੇ ਰਹਿੰਦੇ ਨੇ।
ਕੁੱਝ ਮਿੱਟੀ ਦੀਆਂ ਚੀਕਾਂ,
ਕੁੱਝ ਟੁੱਟ ਕੇ ਗਿਰ ਗਏ ਪੱਤਿਆਂ ਦਾ ਦੁੱਖ,
ਕੁੱਝ ਪਾਣੀ ਦੇ ਰਹੱਸਮਈ ਕਿੱਸੇ ਤੇ
ਕੁੱਝ ਦਰੱਖਤਾਂ ਦੀਆਂ ਜੜ੍ਹਾਂ ਦੇ ਘੁੱਟਵੇ ਸਾਹ।
ਇਹ ਹਵਾ ਉਹ ਵੀ ਦੱਸਦੀ ਏ
ਜੋ ਕਾਂਡ ਅਸੀਂ ਰਚਾ ਰਹੇ ਹਾਂ,
ਸਭ ਕਰੋਪੀਆਂ, ਬੀਮਾਰੀਆਂ ਤੇ ਨਫਰਤਾਂ ਦੇ ਖੂਹ।
ਇਹ ਸਹਿਸਕਦੇ ਬੁੱਲੇ ਹਵਾਵਾਂ ਦੇ
ਅਕਸਰ ਹੀ ਕੁਝ ਕਹਿੰਦੇ ਰਹਿੰਦੇ ਨੇ।

ਕਦੀ ਕਦੀ ਜਾਪਦਾ ਏ ਕਿ
ਇਹ ਹਵਾ ਵੀ ਕਿਤੇ ਉੱਡ ਜਾਣਾ ਚਾਹੁੰਦੀ ਏ,
ਦੂਰ ਕਿਸੇ ਹੋਰ ਦੁਨੀਆ ਤੇ
ਜਿੱਥੇ ਜੀਵਨ ਤੇ ਹੋਏ, ਪਰ ਡਰ ਨਾ ਹੋਏ।
ਜਿੱਥੇ ਮਨੁੱਖ ਰੂਪੀ ਜੀਵ ਤੇ ਹੋਣ, ਪਰ ਅਪਰਾਧ ਨਾ ਹੋਏ।
ਜਿੱਥੇ ਪਾਣੀ ਤੇ ਹੋਏ, ਪਰ ਬੰਜਰ ਜ਼ਮੀਨਾਂ ਨਾ ਹੋਣ।
ਜਿੱਥੇ ਅਨਾਜ ਤਾਂ ਹੋਏ, ਪਰ ਭੁੱਖਮਰੀ ਨਾ ਹੋਏ।
ਏਦਾਂ ਹੀ ਲੱਗਦਾ ਏ ਜਿਵੇਂ
ਇਹ ਸਹਿਸਕਦੇ ਬੁੱਲੇ ਹਵਾਵਾਂ ਦੇ
ਅਕਸਰ ਹੀ ਕੁਝ ਕਹਿੰਦੇ ਰਹਿੰਦੇ ਨੇ।

## ਵੇਲ ਜਾਂ ਔਰਤ

ਉਹ ਸਾਂਝ ਵੇਲੇ ਹੀ ਦਿੱਖ ਜਾਂਦੀ ਏ ਮੈਂਨੂੰ
ਦੂਰੋਂ ਹੀ
ਹਵਾ ਵਿੱਚ ਲਹਿਰਾਉਦੀਂ
ਹੱਸਦੀ
ਖੇਡਦੀ
ਬਿਨਾਂ ਕਿਸੀ ਡਰ ਤੋਂ
ਆਪਣੀ ਜ਼ਿੰਦਗੀ ਜਿਊਂਦੀ।

ਉਸਦੇ ਸਰੀਰ ਦੇ ਵਿੰਗ ਵੱਲ
ਉਸਦਾ ਲੰਮਾ ਕੱਦ
ਮੈਂਨੂੰ ਆਪਣੇ ਵਲ ਆਕਰਸ਼ਿਤ ਕਰਦਾ
ਮੈਂ ਸਭ ਦੁਨੀਆਂ ਦੇ ਰੰਗ ਢੰਗ ਭੁੱਲ ਕੇ
ਖਿੱਚਿਆ ਜਾਂਦਾ ਉਸਦੇ ਵਲ
ਜਿਵੇਂ
ਉਹ ਮੇਰੇ ਲਈ ਹੀ ਧੁਰ ਅੰਬਰ ਤੋਂ ਆਈ ਏ।



## ਕੁਦਰਤ

ਪਹਾੜ ਬੋਲਦੇ ਲੱਗਦੇ ਨੇ,
ਹਵਾ ਹੱਸਦੀ ਲੱਗਦੀ ਏ,
ਚੰਨ ਗਾਉਂਦਾ ਲੱਗਦਾ ਏ,
ਤਾਰੇ ਨੱਚਦੇ ਲੱਗਦੇ ਨੇ,
ਮਿੱਟੀ ਰਸ਼ਣਾਉਦੀ ਲੱਗਦੀ ਏ,
ਫੁੱਲ ਭੱਜਦੇ ਲੱਗਦੇ ਨੇ,
ਪੰਛੀ ਕੁਝ ਕਹਿੰਦੇ ਲੱਗਦੇ ਨੇ,
ਬੱਦਲ ਛੇੜਦੇ ਲੱਗਦੇ ਨੇ,
ਤਿਤਲੀਆਂ ਜਿਉਂਦੀਆਂ ਲੱਗਦੀਆਂ ਨੇ,
ਇਹ ਕੁਦਰਤ ਦਾ ਖਿਲਵਾੜ ਨੀ
ਤਾਂ ਹੋਰ ਕੀ ਏ।

## ਦਰਿਆ

ਤੂੰ ਦੂਰ ਵਸਦਾ ਏ,
ਕਿਸੀ ਦਰਿਆ ਦੇ ਵਾਂਗੂ ਵੇ।
ਜਿਹਦਾ ਕੋਈ ਥਾਂ ਟਿਕਾਣਾ ਨੀ,
ਪਰ ਸ਼ੀਤ ਹਵਾਵਾਂ ਨੇ।
ਜਿਹਦੇ ਚ ਐਬ ਕੋਈ ਨੀ,
ਪਰ ਪਥਰੀਲੀਆਂ ਰਾਵਾਂ ਨੇ।
ਤੂੰ ਇੱਕ ਮਸੀਹਾ ਜਾਪਦਾ ਏ,
ਵੇ ਉਹਨਾ ਤਰਸਦੀਆਂ ਨਜ਼ਰਾਂ ਨੂੰ,
ਜਿਹਨਾਂ ਦੇ ਦਿਲ ਕੋਮਲ ਨੇ
ਪਰ ਵਕਤ ਦੀਆਂ ਮਾਰਾਂ ਨੇ।



## ਤੇਰੇ ਖਿਆਲਾਤ

ਮੈਂਨੂੰ ਨੀ ਪਤਾ ਕੀ ਚੱਲਦਾ ਏ
ਤੇਰੇ ਜ਼ਿਹਨ ਚ ਮੇਰੇ ਲਈ,
ਮੈਂ ਤੇ ਇਹ ਵੀ ਨਹੀਂ ਜਾਣਦੀ
ਕਿ ਦੁਨੀਆਂ ਦੇ ਦਸਤੂਰ ਕੀ ਨੇ
ਇੱਕ ਦੂਜੇ ਨੂੰ ਲੈ ਕੇ।
ਬਸ
ਚੰਗਾ ਲੱਗਦਾ ਕਈ ਵਾਰ
ਏਦਾਂ ਹੀ
ਤੇਰੇ ਨਾਲ ਵਕਤ ਬਿਤਾਉਣਾ।
ਜਮਾਂ ਉਹਨਾਂ ਰਾਵਾਂ ਵਾਂਗ,
ਜਿੰਨਾਂ ਨੂੰ ਰੁਸ਼ਨਾ ਦਿੰਦੇ ਨੇ ਜੁਗਨੂੰ,
ਸ਼ਾਂਤ ਤੇ ਰਹੱਸਮਈ ਰਾਤਾਂ ਨੂੰ।

## ਮੌਜੂਦਗੀ

ਤੇਰੇ ਚ ਮੈਂਨੂੰ ਕੋਈ ਵੀ ਐਬ ਨਜ਼ਰ ਨਹੀਂ ਆਉਂਦਾ,
ਤੂੰ ਮੈਂਨੂੰ ਉਸ ਪਵਿੱਤਰ ਜਲ ਵਰਗਾ ਜਾਪਦਾ ਏ
ਜਿਸ ਚ ਲੱਖ ਮਿਲਾਵਟ ਹੋਏ,
ਪਰ ਉਹ ਆਪਣੀ ਪਹਿਚਾਣ ਬਣਾਈ ਰੱਖਦਾ ਏ।
ਕਦੀ ਕਦੀ ਤੂੰ ਮੈਂਨੂੰ ਮਿੱਟੀ ਵਰਗਾ ਜਾਪਦਾ ਏ
ਜਿਸ ਵਿੱਚ ਲੱਖਾਂ ਚੀਜ਼ਾਂ ਨੇ,
ਪਰ ਉਹ ਲੁਕੀਆਂ ਰਹਿੰਦੀਆਂ ਗਹਿਰਾਈਆਂ ਚ।
ਕਦੀ ਕਦੀ ਤੂੰ ਮੈਂਨੂੰ ਰੱਬ ਜਾਪਦਾ ਏ
ਜਿਸ ਨੂੰ ਲੱਖ ਨਿੰਦ ਲਈਏ,
ਪਰ ਅਸੀਂ ਝੁੱਕ ਜਾਂਦੇ ਆ ਉਸਦੀਆਂ ਰਹਿਮਤਾਂ ਵੱਲ।
ਪਰ
ਕਦੀ ਕਦੀ ਤੂੰ ਮੈਂਨੂੰ ਉਦਾਸ ਜਾਪਦਾ ਏ
ਉਦਾਸ
ਜਮਾ ਉਸ ਬੱਚੇ ਵਾਂਗ
ਜਿਸਤੋਂ ਖੋਹ ਲਏ ਹੋਣ ਉਸਦੇ ਖਿਡੌਣੇ।
ਮਾਸੂਮ ਤੇ ਬਚਪਨੇ ਨਾਲ ਭਰਿਆ ਹੋਇਆ
ਫਿਰ ਜ਼ਿੰਦਾ ਦਿਲ ਹੋਣ ਵਾਲਾ
ਉਹਨਾਂ ਨਿੱਕੀਆਂ ਚੀਜ਼ਾਂ ਨੂੰ ਪਾਕੇ
ਜਿਨਾਂ ਨੂੰ ਕੁੱਝ ਲੋਕ ਸਮਝਦੇ ਈ ਨੀ।
ਤੂੰ ਮੈਂਨੂੰ ਰੱਬ, ਅੰਬਰ ਤੇ ਤਾਰੇ ਸਭ ਜਾਪਦਾ ਏ,
ਤੂੰ ਮੈਂਨੂੰ ਥੋੜ੍ਹਾ ਥੋੜ੍ਹਾ ਮੇਰਾ ਆਪਣਾ ਆਪ ਜਾਪਦਾ ਏ।



## ਤੇਰੀ ਮੌਜੂਦਗੀ

ਮੈਂ ਬਹੁਤ ਵਾਰ ਸੁਣਿਆ
ਲੋਕਾਂ ਨੂੰ ਗੱਲਾਂ ਕਰਦਿਆਂ,
ਕਿ
ਕਿਸੀ ਪਾਕ ਰੂਹ ਨਾਲ ਰਹਿ ਕੇ ਕੁਝ ਸੁਕੂਨ ਜਿਹਾ ਮਿਲਦਾ ਏ।
ਜਿਵੇਂ ਪਹਾੜਾਂ ਦੀ ਸਰਦ ਹਵਾ ਰੂਹ ਠਾਰਦੀ ਏ,
ਜਿਵੇਂ ਹਨੇਰਿਆਂ ਵਿੱਚ ਜੁਗਨੂੰ ਜਗਦੇ ਨੇ,
ਜਿਵੇਂ ਚੰਨ ਤਾਰਿਆਂ ਵਿਚ ਸਮਾ ਜਾਣਾ ਚਾਹੁੰਦਾ ਏ,
ਜਿਵੇਂ ਪਾਣੀ ਝਰਨਿਆਂ ਨੂੰ ਰੂਪ ਦਿੰਦਾ ਏ।
...
ਕੁਝ ਏਦਾਂ ਦਾ ਮਹਿਸੂਸ ਹੁੰਦਾ ਏ,
ਮਹਿਸੂਸ ਹੁੰਦਾ ਏ..
ਜਦ ਤੂੰ ਕੋਲ ਹੁੰਦਾ ਏ।
ਇਕ ਸਕੂਨ ਜਿਹਾ ਮਿਲਦਾ ਏ,
ਜਦ ਤੂੰ ਕੋਲ ਹੁੰਦਾ ਏ।

## ਰਾਹ

ਮੈਂ ਅਕਸਰ ਉਨ੍ਹਾਂ ਰਾਵਾਂ ਨਾਲ ਗੱਲਾਂ ਕਰਦਾ ਰਿਹਾ।
ਉਹਨਾਂ ਰਾਵਾਂ ਨਾਲ..
ਜਿਨ੍ਹਾਂ ਤੇ ਜਾਣ ਨੂੰ ਲੋਕ ਪਾਪ ਸਮਝਦੇ ਰਹੇ ਨੇ,
ਜਿਨ੍ਹਾਂ ਰਾਵਾਂ ਦੇ ਕਠੋਰ ਤੇ ਕੁੜੱਤਣ ਭਰੇ ਰਸਤੇ ਲੋਕਾਂ ਦਾ ਖ਼ੂਨ ਚੂਸਦੇ ਰਹੇ ਨੇ।
ਪਰ ਅਕਸਰ ਹੀ ਉਹਨਾਂ ਨੇ ਮੈਂਨੂੰ ਦਿਲ ਤੱਕ ਪਸੀਜ ਕੇ ਰਖਿਆ ਏ।
ਦੂਰ ਨੀ ਹੋਣ ਦਿੰਦੇ,
ਕਿਉਂਕਿ ਸ਼ਾਇਦ ਉਹ ਜਾਣਦੇ ਨੇ...
ਉਹਨਾਂ ਦੀ ਕਠੋਰਤਾ ਤੇ ਕੁੜੱਤਣਤਾ ਤੋਂ ਕਿਤੇ ਵੱਧ ਏ..
ਦੁਨਿਆਵੀ ਪਦਾਰਥਾਂ ਦਾ ਮੋਹ ਤੇ ਸਾਥ।



## ਰੇਤ

ਮੈਂ ਰੇਤ ਤੇ ਤੁਰਦਾ ਰਿਹਾ,
ਰੇਤ ਮੇਰੇ ਤੇ ਤੁਰਦੀ ਰਹੀ।
ਘਰ ਜਾਕੇ ਦੇਖਿਆ ਤਾਂ ਪਤਾ ਲੱਗਾ...
ਰੇਤ ਦੇ ਕਣ ਮੇਰੇ ਨਾਲ ਰਹਿ ਗਏ ਸਨ,
ਤੇ ਮੇਰੇ ਪੈਰਾਂ ਦੇ ਨਿਸ਼ਾਨ ਰੇਤ ਤੇ।
ਉਹਨਾਂ ਰਾਹਾਂ ਵਾਂਗੂ...
ਜਿਨਾਂ ਦਾ ਕੋਈ ਅੰਤ ਨਹੀਂ ਹੁੰਦਾ।
ਬਸ ਮੁੱਕ ਜਾਂਦੀ ਏ ਪਗਡੰਡੀ...
ਕੁਝ ਮਿੱਟੀ ਤੇ ਨਵੇਂ ਰਸਤਿਆਂ ਨਾਲ।

## ਇਕ ਰੂਹਾਨੀ ਚਿਹਰਾ

ਉਹਦਾ ਭੋਲਾਪਣ ਉਹਦੇ ਚਿਹਰੇ ਚੋਂ ਸਾਫ ਝਲਕਦਾ ਏ,
ਜਦ ਉਹ ਮਸ਼ਰੂਫ ਹੁੰਦਾ ਏ ਆਪਣੇ ਆਪ ਵਿੱਚ।
ਜਦ ਉਹ ਰੂਹਾਨੀਅਤ ਚ ਡੁੱਬ ਜਾਂਦਾ ਏ,
ਰੂਹਾਨੀਅਤ..
ਜਿਸਦੀ ਲੋਕ ਕਿਆਮਤ-ਏ ਦਰਬਾਰ ਚ ਮੰਗ ਕਰਦੇ ਨੇ।

ਉਸਦਾ ਸਾਫ ਦਿਲ ਤੇ ਰੌਣਕ ਨਾਲ ਭਰਿਆ ਸੁਭਾਅ,
ਸਭ ਨੂੰ ਇੱਕ ਉਮੀਦ ਦਿੰਦਾ ਏ।
ਉਹ ਉਮੀਦ
ਜੋ ਲੋਕਾਂ ਕੋਲੋਂ ਖੁੱਸ ਗਈ ਏ,
ਦੁਨਿਆਵੀ ਕੰਮਾਂ ਵਿੱਚ ਰੁੱਝਿਆਂ ਹੋਇਆਂ।

ਉਹ ਰੂਹਾਨੀ ਚਿਹਰਾ
ਜਦ ਵੀ ਮਿਲੇਗਾ ਕਿਸੀ ਨੂੰ,
ਖੁਦਾਏ ਤਕਦੀਰ ਬਦਲ ਦੇਵੇਗਾ।



## ਰਾਤਾਂ

ਰੋਜ਼ ਈ ਤਕਰਾਰ ਹੋ ਜਾਂਦਾ ਏ, ਰਾਤਾਂ ਦਾ ਮੁਲਾਕਾਤਾਂ ਨਾਲ।
ਜਦ ਰੋਜ਼ ਈ ਤੇਰੀ ਕਮੀ ਪੂਰੀ ਕੀਤੀ ਜਾਂਦੀ ਏ ਕੁਝ ਬਾਤਾਂ ਨਾਲ।
ਜੋ ਬੀਤ ਗਈਆਂ ਨੇ ਜੁੱਗੜੇ ਹੋਏ, ਰਾਜੇ-ਰਾਣੀਆਂ ਝਾਕਾਂ ਵਾਂਗ।
ਮੈਂਨੂੰ ਅੱਜ ਵੀ ਸੁਣਦੇ ਬੋਲ ਤੇਰੇ, ਕੁਝ ਸਹਿਮੇ ਧੁੰਦਲੇ ਰਾਵਾਂ ਵਾਂਗ।
ਮੈਂਨੂੰ ਅੱਜ ਵੀ ਚੇਤੇ ਆਉਂਦੇ ਤੇਰੇ, ਚੰਨ ਦੀਆਂ ਚੁੱਪ ਆਵਾਜ਼ਾਂ ਵਾਂਗ।
ਇੰਝ ਰੋਜ਼ ਈ...
ਤਕਰਾਰ ਹੋ ਜਾਂਦਾ ਏ, ਰਾਤਾਂ ਦਾ ਮੁਲਾਕਾਤਾਂ ਨਾਲ।

## ਪੰਛੀਆਂ ਦੇ ਗੀਤ

ਕਿੰਨਾ ਵਧੀਆ ਸੀ ਉਹ ਸਮਾਂ,
ਜਦ ਸੂਰਜ ਦੀਆਂ ਕਿਰਣਾਂ ਫੁੱਟਣ ਤੋਂ ਪਹਿਲਾਂ ਤੇ ਚੰਨ ਦੇ ਚੜ੍ਹਨ ਤੱਕ,
ਰੁਸ਼ਨਾਇਆ ਰਹਿੰਦਾ ਸੀ ਸਾਰਾ ਹੀ ਅੰਬਰ,
ਪੰਛੀਆਂ ਦੇ ਮਿਠੜੇ ਬੋਲਾਂ ਤੇ ਗੀਤਾਂ ਨਾਲ।
ਉਹਨਾਂ ਦੇ ਬੋਲ ਤਾਜ਼ਗੀ ਭਰ ਦਿੰਦੇ ਸੀ ਧਰਤੀ ਦੇ ਕਣ ਕਣ ਚ।
ਖੋਰੇ ਕਿਹੋ ਜਿਹੀ ਹਵਾ ਚੱਲੀ ਏ ਧਰਤੀ ਤੇ...
ਸੂਰਜ ਤੇ ਚੰਨ ਤੇ ਚੜ੍ਹਦੇ ਨੇ, ਪਰ ਪੰਛੀਆਂ ਦੀਆਂ ਆਵਾਜ਼ਾਂ
ਖੋਹ ਲਈਆਂ ਨੇ ਮੋਟਰਾਂ ਨੇ।
ਜੋ ਅੰਨੇਵਾਹ ਕਤਲ ਕਰ ਰਹੀਆਂ ਨੇ ਧਰਤੀ ਦੇ ਕਰਤਾਕਾਰਾਂ ਦਾ।
ਜਿਨਾਂ ਕਰਕੇ ਧਰਤੀ ਤੇ ਜੀਵਨ ਰਚਿਆ ਜਾਂਦਾ ਸੀ ਛੋਟੇ ਫੁੱਲ ਤੇ ਘਾਹਾਂ ਦਾ।

ਹੁਣ ਸਭ ਕੁਝ ਚੁੱਪ ਏ, ਪਰ
ਇਹ ਚੁੱਪ ਸਭ ਕੁਝ ਦੱਸਦੀ ਏ, ਸਭ ਹੱਤਿਆਵਾਂ ਜੋ ਅਸੀਂ ਕੀਤੀਆਂ,
ਅਪਣੇ ਸੁੱਖ ਸਹੂਲਤਾਂ ਲਈ।
ਉਹਨਾਂ ਮਾਸੂਮ ਪੰਛੀਆਂ ਦੀਆਂ ਜਿਨਾਂ ਕਰਕੇ ਧਰਤੀ ਦਾ ਜ਼ਮੀਰ ਜਿੰਦਾ ਸੀ।

ਕਿੰਨਾ ਵਧੀਆ ਸੀ ਉਹ ਸਮਾ, ਜਦ ਪੰਛੀਆਂ ਦੀ ਮਿੱਠੀ ਆਵਾਜ਼ ਊਰਜਾ ਦੀ
ਕਿਰਨ ਭਰ ਦਿੰਦੀ ਸੀ, ਹਰ ਇਕ ਚੀਜ਼ ਵਿੱਚ,
ਜੋ ਅੱਜ ਕੱਲ੍ਹ ਵੀਰਾਨ ਹੋ ਗਈਆਂ ਨੇ ਪੰਛੀਆਂ ਦੇ ਜਾਣ ਨਾਲ।



## ਕੁਝ ਮਸਲੇ

ਕੀ ਹਕੀਕਤ ਹੁੰਦੀ ਏ,
ਇਹ ਜਾਣਨ ਦੀ ਅਸੀਂ ਕੋਸ਼ਿਸ ਨਹੀਂ ਕਰਦੇ।
ਅਸੀਂ ਕਦੀ ਨਹੀਂ ਸੋਚਦੇ...
ਕਿ,
ਵਹਿੰਦਾ ਪਾਣੀ ਵੀ ਰੁਕਣਾ ਚਾਹੁੰਦਾ ਏ,
ਮਿੱਟੀ ਵੀ ਸਹਿਮ ਜਾਣਾ ਚਾਹੁੰਦੀ ਏ,
ਉੱਡਦੇ ਪੰਛੀ ਵੀ ਆਲਣਾਂ ਭਾਲਦੇ ਨੇ,
ਤੇ... ਤੇ
ਮਾਸੂਮ ਅਤੇ ਤਰਸਦੀਆਂ ਅੱਖਾਂ ਮੱਖੀਆਂ ਦੀਆਂ,
ਰਾਹਤ ਚਾਹੁੰਦੀਆਂ ਨੇ...
ਉਹਨਾਂ ਮੌਤ ਰੂਪੀ ਕਰੋਪੀਆਂ ਤੋਂ
ਜੋ ਅਸੀਂ ਜਗਾ ਦਿਤੀਆਂ ਨੇ,
ਇਕ ਅੱਗ ਦੇ ਭਾਂਬੜ ਵਾਂਗ..
ਜੋ ਬੁਝਣ ਦਾ ਨਾਂ ਨਹੀਂ ਲੈ ਰਹੀਆਂ,
ਅਤੇ ਭੰਗ ਕਰ ਰਹੀਆਂ ਨੇ...
ਸੁੱਖ, ਸ਼ਾਂਤੀ ਅਤੇ ਅੰਦਰੂਨੀ ਖੁਸ਼ੀ
ਧਰਤੀ ਦੀਆਂ ਉਹਨਾਂ ਜ਼ਿੰਦਗੀਆਂ ਦੀ,
ਜਿਨ੍ਹਾਂ ਬਾਰੇ ਅਸੀਂ ਸੋਚਣਾ ਨਹੀਂ ਚਾਹੁੰਦੇ!

## ਹਾਸਾ

ਤੇਰਾ ਬੋਲਾਪਣ, ਤੇਰਾ ਹਾਸਾ,
ਤੇਰਾ ਥੋੜ੍ਹਾ ਜਿਹਾ ਹੱਸਣਾ...
ਕਿਆਮਤ ਤੱਕ ਪਹੁੰਚ ਜਾਂਦਾ ਏ,
ਜਦ ਤੂ ਬੇਹਿਸਾਬ, ਬੇਖੌਫ
ਮੇਰੇ ਨਾਲ ਗੱਲਾਂ ਕਰਦਾ ਏ।

ਤੈਨੂੰ ਨਹੀਂ ਪਤਾ,
ਮੇਰੀ ਰੂਹ ਖੁਸ਼ ਹੋ ਜਾਂਦੀ ਏ...
ਤੈਨੂੰ ਹੱਸਦਾ ਦੇਖ।



## ਉਦਾਸੀ

ਕਈ ਵਾਰ ਦਿਲ ਉਦਾਸ ਹੋ ਜਾਂਦੈ,
ਦੁਨੀਆਂ ਦੇ ਵਰਤਾਰੇ ਤੋਂ...
ਖਤ ਲਿਖਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ,
ਚਾਰ ਦੀਵਾਰੀ ਚ ਕਲਮਾਂ ਨੂੰ ਦਫਨ ਕਰਕੇ।
ਕਈ ਵਾਰ ਦਿਲ ਉਦਾਸ ਹੋ ਜਾਂਦੈ...

## ਰੌਸ਼ਨੀ

ਸੂਰਜ ਦੀ ਪਹਿਲੀ ਕਿਰਣ ਫੁੱਟਣ ਤੋਂ ਪਹਿਲਾਂ,
ਚੰਨ ਦੀ ਰੌਸ਼ਨੀ ਖਤਮ ਹੋਣ ਤੱਕ,
ਜੋ ਕੁਝ ਵੀ ਮੇਰੇ ਅੰਦਰ ਚੱਲਦਾ ਹੈ,
ਸਭ ਕੁਝ ਤੇਰੇ ਤੋਂ ਹੋਕੇ ਗੁਜਰਦਾ।



## ਪਹਿਰ

ਪਹਿਲੇ ਪਹਿਰ ਵਿੱਚ ਤੇਰੀ ਯਾਦ ਆ ਗਈ,
ਯਾਦ ਕਾਹਦੀ ਆਈ ਬੇਮਿਸਾਲ ਆ ਗਈ।
ਅੱਖਾਂ ਦੀਆਂ ਪਲਕਾਂ ਨੂੰ ਨੀਂਦ ਭੁੱਲ ਗਈ,
ਸੱਚੀ ਤੇਰੀ ਯਾਦ ਇਹੋ ਜੇਹਾ ਕਹਿਰ ਢਾਹ ਗਈ।

ਦੂਜੇ ਪਹਿਰ ਸੋਚਾਂ ਨੇ ਸੀ ਘੇਰਾ ਪਾ ਲਿਆ,
ਮੈਨੂੰ ਨਾ ਚਾਹੁੰਦੇ ਵੀ ਤੇਰੇ ਚ ਉਲਝਾ ਲਿਆ।
ਜਿੱਦ ਉਹਦੀ ਅੱਗੇ ਸੱਚੀ ਮੈਂ ਹਾਰ ਗਿਆ,
ਜਦੋਂ ਨਾ ਚਾਹੁੰਦੇ ਸੀ ਮੈਂ ਤੇਰਾ ਨਾਮ ਲਿਆ।

ਤੀਜੇ ਪਹਿਰ ਮੈਥੋਂ ਮੇਰਾ ਆਪਾ ਖੁੱਸਿਆ,
ਡਿੱਗਿਆ ਜੋ ਮੇਜ਼ ਤੋਂ ਗਲਾਸ ਟੁੱਟਿਆ।
ਉਹਦੇ ਸੀ ਖੜਾਕ ਨੇ ਮੈਨੂੰ ਦੱਬਿਆ,
ਜਦੋਂ ਟੁਕੜਿਆਂ ਚ ਸੀ ਮੈਂ ਤੇਰਾ ਚਿਹਰਾ ਲੱਭਿਆ।

ਚੋਥੇ ਪਹਿਰ ਕਮਰੇ ਚ ਨੂਰ ਹੋ ਗਿਆ,
ਜਦੋਂ ਹਰ ਇਕ ਟੁੱਕੜਾ ਮੇਰਾ ਮਹਿਬੂਬ ਹੋ ਗਿਆ।
ਮੈਨੂੰ ਲੋਰ ਸੀਗੀ ਤੇਰੀ, ਉਹ ਵੀ ਪੂਰੀ ਪੂਰੀ ਲਗੇ,
ਜਦੋਂ ਪੰਜਵੇਂ ਪਹਿਰ ਨੇ ਘੇਰਾ ਪਾਂ ਛੱਡਿਆ।

ਪੰਜਵੇਂ ਤੇ ਛੇਵੇਂ ਪਹਿਰ ਸਭ ਨਸ ਜੇ ਗਿਆ,
ਬੂਹਾ ਖੋਲ੍ਹ ਨੂਰ ਜਿਵੇਂ ਭੱਜ ਸੀ ਗਿਆ।
ਟੁੱਟਿਆ ਗਲਾਸ ਓਵੇਂ ਜੁੜ ਸੀ ਗਿਆ,
ਜਿਵੇਂ ਉਹਦੇ ਹੀ ਖੜਾਕ ਨੇ ਸੀ ਉਹਨੂੰ ਮਰਿਆ।

ਸੱਤਵੇਂ ਤੇ ਅੱਠਵੇਂ ਪਹਿਰ ਚ ਸਭ ਸ਼ਾਂਤ ਸੀ,
ਕਮਰੇ ਚ ਮੈਂ ਤੇ ਮੇਰੀ ਅੱਧ ਜਾਨ ਸੀ।
ਹੌਲੀ ਹੌਲੀ ਸਾਂਭਿਆ ਮੈਂ ਟੁੱਟੇ ਹੋਏ ਅਹਿਸਾਸ ਨੂੰ,
ਪਰ ਅਗਲੇ ਪਹਿਰ ਇਹੋ ਹੋਵਣੇ ਦੀ ਫਿਰ ਆਸ ਸੀ।



## ਤਾਂ ਵੀ ਕੀ ਹੋ ਗਿਆ

ਕਿੱਕਰਾਂ ਦੇ ਕੰਢੇ ਤੇ ਫੁੱਲਾਂ ਦੀਆਂ ਪੱਤੀਆਂ ਦੀ ਮੈਨੂੰ ਸਮਝ ਨਾ ਆਈ ਤਾਂ ਵੀ ਕੀ ਹੋ ਗਿਆ,
ਰਾਹਾਂ ਦੇ ਪੱਥਰਾਂ ਤੇ ਝਰਨਿਆਂ ਦੇ ਪਾਣੀ ਦੀ ਮੈਨੂੰ ਸਮਝ ਨਾ ਆਈ ਤਾਂ ਵੀ ਕੀ ਹੋ ਗਿਆ।
ਚਿੜੀਆਂ ਦੇ ਖੰਭਾਂ ਤੇ ਮੋਰਾਂ ਤੇ ਹੰਝੂਆਂ ਦੀ ਮੈਨੂੰ ਸਮਝ ਨਾ ਆਈ ਤਾਂ ਵੀ ਕੀ ਹੋ ਗਿਆ।
ਰੱਬ ਦੇ ਵੱਖੋ ਵੱਖ ਨਾਵਾਂ ਦੀ ਤੇ ਧਰਮ ਦੇ ਪ੍ਰਚਾਰਾਂ ਦੀ ਮੈਨੂੰ ਸਮਝ ਨਾ ਆਈ ਤਾਂ ਵੀ ਕੀ ਹੋ ਗਿਆ।
ਰਾਜ ਮਹਿਲਾਂ ਤੇ ਝੁੱਗੀਆਂ ਦੀ ਜ਼ਿੰਦਗੀ ਦੀ ਮੈਨੂੰ ਸਮਝ ਨਾ ਆਈ ਤਾਂ ਵੀ ਕੀ ਹੋ ਗਿਆ।
ਮੇਰੇ ਚਲਦੇ ਸਾਵਾਂ ਦੀ ਤੇ ਰੂਹ ਤੇ ਤੰਦਾਂ ਦੀ ਮੈਨੂੰ ਸਮਝ ਨਾ ਆਈ ਤਾਂ ਵੀ ਕੀ ਹੋ ਗਿਆ।

## ਹੱਦ ਸੱਜਣਾ

ਜਲਸਿਆਂ, ਰੈਲੀਆਂ ਦੀ ਵੀ ਇਕ ਹੱਦ ਹੁੰਦੀ ਐ,
ਉਹ ਹੋ ਗਈ ਹੈ ਅੱਜ ਹੱਦ ਸੱਜਣਾ।
ਦਿਨ ਬੈਠਣ ਦੇ ਸੱਥਾਂ ਵਿੱਚ ਢਲ ਚਲੇ,
ਜਿਵੇਂ ਛਿਪਦੀ ਚੁੱਲ੍ਹੇ ਦੀ ਅੱਗ ਸੱਜਣਾ।
ਲੋਕ ਘਰਾਂ ਦੇ ਅੰਦਰ ਲੁੱਕ ਜੇ ਗਏ,
ਜਿਵੇਂ ਲੁੱਕਦੇ ਬੰਦੇ ਨੂੰ ਦੇਖਕੇ ਸੱਪ ਸੱਜਣਾ।
.
ਪਰ ਬੰਦੇ ਨੂੰ ਵੀ ਜਦ ਤੱਕ ਅਕਲ ਨਾ ਆਵੇ,
ਜਦ ਤੱਕ ਪੀੜ ਨਾ ਘੁੱਟੇ ਦਮ ਸੱਜਣਾ।



## ਧਰਤੀ ਦਿਵਸ

ਹਾਂ ਜੀ ਅੱਜ ਧਰਤੀ ਦਿਵਸ ਹੈ,
ਉਸ ਧਰਤੀ ਦਾ ਦਿਨ ਜਿਸਦੀ ਯਾਦ ਤੇ ਦੂਰ ਪਤਾ ਵੀ ਲੈਣ ਦਾ ਸਮਾਂ ਨਹੀਂ
ਆ ਸਾਡੇ ਕੋਲ।
ਹਾਂ ਜੀ ਅੱਜ ਧਰਤੀ ਦਿਵਸ ਹੈ,
ਉਸ ਧਰਤੀ ਦਾ ਦਿਨ ਜਿਸਦੇ ਧਰਤੀ ਹੋਣ ਦਾ ਅਸੀ ਵਜੂਦ ਹੀ ਮਿਟਾ ਚੁੱਕੇ ਹਾਂ।
ਸਾਨੂੰ ਬਾਗ ਚਾਹੀਦੇ ਨੇ ਤੇ ਤਰ੍ਹਾਂ ਤਰ੍ਹਾਂ ਦੇ ਪੰਛੀ ਵੀ,
ਸਾਨੂੰ ਫਸਲਾਂ ਚਾਹੀਦੀਆਂ ਨੇ ਤੇ ਫਲਦਾਰ ਬੂਟੇ ਵੀ।
ਪਰ ਕੀ ਸਾਨੂੰ ਮਿੱਟੀ ਚਾਹੀਦੀ ਹੈ?
ਅਸਲੀ ਮਿੱਟੀ...
ਜਿਸਨੂੰ ਅਸੀਂ ਮਾਰ ਚੁੱਕੇ ਆ ਕਈ ਸਾਲਾਂ ਦੇ ਬੱਸ ਆਪਣੇ ਸਵਾਰਥ ਲਈ।
ਹਾਂ ਜੀ ਅੱਜ ਧਰਤੀ ਦਿਵਸ ਹੈ,
ਉਸ ਧਰਤੀ ਦਾ ਦਿਨ ਜਿਸਦੀ ਯਾਦ ਤੇ ਦੂਰ ਪਤਾ ਵੀ ਲੈਣ ਦਾ ਸਮਾਂ ਨਹੀਂ
ਆ ਸਾਡੇ ਕੋਲ।

## ਲੰਮੇ ਰਾਹ

ਹੁਣ ਵਾਅਦੇ ਨਿਭਾਉਣ ਦਾ ਕਰਾਰ ਨਾ ਰਿਹਾ,
ਤੂੰ ਕੁੱਝ ਕਹੇ ਤੇ ਉਹ ਸੁਣੇ ਉਹ ਪਿਆਰ ਨਾ ਰਿਹਾ।
ਔਖਾ ਤੇ ਹੁੰਦਾ ਪਗਡੰਡੀ ਤੇ ਟੁਰਨਾ,
ਪਰ ਹਲੇ ਤਕ ਲੰਮੇ ਰਾਵਾਂ ਨਾਲ ਵਾਹ ਨੀ ਪਿਆ।
ਮੈਨੂੰ ਜੰਨਤ ਤੋਂ ਸੋਹਣੀ ਉਹ ਨਿੰਮ ਮੇਰੀ ਲਗਦੀ,
ਪਰ ਲਗਦਾ ਜਿਵੇਂ ਉਹਦੇ ਚ ਮੇਰਾ ਚਾਅ ਨਾ ਰਿਹਾ।
ਕੁਝ ਰਿਸ਼ਤੇ ਮੇਰੇ ਸੀ ਜਿਵੇਂ ਮਿੱਟੀ ਦਾ ਵਰੋਲਾ,
ਤੇ ਰੂਹ ਤੱਕ ਜਿਨ੍ਹਾਂ ਦਾ ਰਾਹ ਹੀ ਨਾ ਰਿਹਾ।



## ਹਾਰ ਜੇ ਬਣਦੇ ਜਾਂਦੇ ਨੇ

ਕਾਗਜ਼, ਕਲਮ ਤੇ ਕਾਪੀ ਵਾਂਗ ਕੁੱਝ ਰਿਸ਼ਤੇ ਬਣਦੇ ਜਾਂਦੇ ਨੇ,
ਕੁੱਝ ਰਾਹ ਜੇ ਖੁੱਲਦੇ ਜਾਂਦੇ ਨੇ, ਮੇਰੇ ਤਾਰ ਜੇ ਜੁੜਦੇ ਜਾਂਦੇ ਨੇ।
ਮੈਨੂੰ ਵਾਅਦੇ ਤੇ ਏਤਬਾਰ ਨਹੀਓਂ, ਨਾ ਲੰਮੀਆਂ ਲੰਝੀਆਂ ਗੱਲਾਂ ਨੇ,
ਤੇਰਾ ਸਾਥ ਗਨੀਮਤ ਰੱਬ ਦੀ ਐ, ਤਾਂ ਇਹ ਸਾਰ ਜੇ ਬਣਦੇ ਜਾਂਦੇ ਨੇ।
ਮੈਂ ਦਿਲ ਤੇ ਲੱਗੀਆਂ ਗੱਲਾਂ ਨੂੰ ਇਸ ਹੱਦ ਤੱਕ ਮਨ ਨਾਲ ਜੋੜਿਆ ਸੀ,
ਪਰ ਤੇਰੇ ਦਿੱਤੇ ਦਿਲਾਸੇ ਹੁਣ ਰੁਖਸਾਰ ਜੇ ਬਣਦੇ ਜਾਂਦੇ ਨੇ।
ਆਸ਼ਕ ਹੁੰਦੇ ਸੱਚੇ ਸੁੱਚੇ, ਰੱਬ ਦਾ ਜੋ ਪਰਛਾਵਾਂ ਨੇ,
ਪਰ ਕੁੱਝ ਦੋਸਤ ਸੁੱਚੇ ਮੋਤੀ ਨੇ, ਜੋ ਹਾਰ ਜੇ ਬਣਦੇ ਜਾਂਦੇ ਨੇ।

## 1984

ਉਹ ਸਮਾਂ ਵੀ ਕੀ ਸਮਾਂ ਹੋਊ,
ਜਦ ਨੀਰ ਅੱਖਾਂ ਵਿੱਚ ਨਮਾ ਹੋਊ।
ਪੱਗਾਂ ਰੁਲੀਆਂ ਹੋਣਗੀਆਂ ਤੇ
ਮਾਵਾਂ ਨੂੰ ਹੌਲ ਜਿਆ ਪਿਆ ਹੋਊ।
ਕੁੱਝ ਭੈਣਾਂ ਨੂੰ ਤੇ ਚਾਚੀਆਂ ਨੂੰ
ਤੱਤੀ ਧੁੱਪੇ ਸੇਕ ਜਿਆ ਪਿਆ ਹੋਊ।
ਮੈਂ ਜਾਣਦੀ ਨਹੀਂ ਪਰ ਸੱਚ ਹੀ ਹੋਊ
ਕਿ ਲਾਲ ਚੂੜਾ ਵੀ ਓਦੋਂ ਲਿਹਾ ਹੋਊ।
ਭੁੱਲ ਸਕਦੇ ਨੀ ਨਾ ਹੀ ਭੁੱਲਣਾ ਐ,
84 ਦਾ ਦੌਰ ਤੇ ਸਿੱਖਾਂ ਚ ਸਦਾ ਹੀ ਰਹੁ।



## ਪਤਾ ਕੀ ਹੋਇਆ

ਅੱਜ ਪਤਾ ਕੀ ਹੋਇਆ,
ਤਾਰੇ ਜਾਗਦੇ ਸੀ, ਕਹਿਰ ਗੁਜ਼ਾਰਦੇ ਸੀ।
ਤੇ ਸਾਨੂੰ ਥੋੜ੍ਹਾ ਜਿਹਾ ਸਾੜ ਦੇ ਵੀ ਸੀ।
ਮੈਂ ਉੱਠਕੇ ਬਾਰੀ ਨੂੰ ਬੰਦ ਜਿਆ ਕੀਤਾ,
ਪਰ ਉਹ ਤੇ ਵਾਂਗ ਸ਼ੁਦਾਈਆਂ ਝਾਕਦੇ ਸੀ।
ਮੇਰਾ ਮਨ ਕੀਤਾ ਸਭ ਖਤਮ ਕਰਦਾ,
ਬੂਹਾ ਬੰਦ ਕਰਦਾ ਤੇ ਸਭ ਰੱਦ ਕਰਦਾ।
ਪਰ ਮੋਹ ਦੀਆਂ ਤੰਦਾਂ ਵਿੱਚ ਤਾਰੇ ਜਾਗਦੇ ਵੀ ਸੀ।
ਤੇ ਬਸ ਫਿਰ ਅੱਜ ਪਤਾ ਕੀ ਹੋਇਆ,
ਤਾਰੇ ਜਾਗਦੇ ਸੀ, ਕਹਿਰ ਗੁਜ਼ਾਰਦੇ ਸੀ।
ਤੇ ਸਾਨੂੰ ਥੋੜ੍ਹਾ ਜਿਹਾ ਸਾੜ ਦੇ ਵੀ ਸੀ।

## ਮਿੱਟੀ

ਮਿੱਟੀ ਮੈਂ ਆ ਮਿੱਟੀ ਤੂੰ ਐ,
ਗੱਲ ਏ ਆ ਕਿ ਮਿੱਟੀ ਹੀ ਰੂਹ ਐ।

ਮਿੱਟੀ ਦੇ ਕਣ ਘੁਲ ਮਿਲ ਜਾਂਦੇ
ਪਰ ਮਿੱਟੀ ਨੂੰ ਮਿੱਟੀ ਦੀ ਸੂਹ ਐ।

ਮੈਂ ਤਾਰੇ ਚੰਨ ਤੋੜ ਲਿਆਵਾਂ ਪਰ
ਮਿੱਟੀ ਤਾਂ ਮੇਰੇ ਮਨ ਦਾ ਖੂਹ ਐ।

ਮੈਂ ਨਠਦੇ ਭੱਜਦੇ ਚੀਕਾਂ ਮਾਰਾਂ ਪਰ
ਮਿੱਟੀ ਸੁਣਦੀ ਜਿਵੇਂ ਮਾਂ ਮੇਰੀ ਦਾ ਮੂੰਹ ਐ।



## ਕੁੱਝ ਅਹਿਸਾਸ

ਦਿਲਾਂ ਦੀਆਂ ਪੀੜਾਂ ਨੂੰ ਕਾਗਜ਼ ਤੇ ਆਮ ਲਿਖ।
ਜੋਂ ਨਾ ਵੀ ਸੁਣਿਆ ਜਾ ਸਕੇ ਓਹਨੂੰ ਵੀ ਸ਼ਰੇਆਮ ਲਿਖ।
ਮਨ ਦਾ ਹੌਂਸਲਾ ਵੀ ਹੈ ਦਿਨਾਂ ਦੇ ਵੱਧ ਦੇ ਰਹਿਣ ਨੂੰ,
ਪਰ ਜੇ ਮਨ ਕੋਈ ਬੁਵਾਲ ਕਰੇ ਤਾਂ ਲਿਖ।
ਮੁੱਦਤਾਂ ਤੋਂ ਤਰਸਦੇ ਆ ਤੇਰੇ ਇਕ ਪਰਛਾਵੇਂ ਨੂੰ,
ਇਕ ਮੋੜ ਤੇ ਓਹਦਾ ਭਮਕ ਪਏ ਤਾਂ ਲਿਖ।

## ਕਰਾ ਤਾਂ ਕਰਾ ਕਿਦਾ

ਮੇਰਾ ਮਰਨ ਨੂੰ ਜੀਅ ਕਰੇ, ਪਰ ਮੈਂ ਮਰ ਪਾਵਾਂ ਕਿਦਾ।
ਮੇਰਾ ਕੁਰਲਾਉਣ ਨੂੰ ਜੀਅ ਕਰੇ, ਪਰ ਏਡਾ ਜਿਗਰਾ ਲਿਆਵਾਂ ਕਿਦਾ।
ਤੂੰ ਤੇ ਛੱਡ ਗਿਆ ਸੀ ਬੇਰੁਖੀ ਕਰਕੇ, ਪਰ ਇਸ ਦਿਲ ਨੂੰ ਲੈਕੇ ਮੈਂ ਜਾਵਾਂ ਕਿਦਾ।
ਤੈਨੂੰ ਰੁਕਨੇ ਦੀ ਲੋੜ ਨਹੀਂ ਆ ਤੇ ਤੂੰ ਰੁਕੀ ਵੀ ਨਾ, ਪਰ ਮੈਂ ਚਲਦੇ ਚਲਦੇ ਰੁਕ ਜਾਵਾਂ ਇਹਦਾ ਭੇਦ ਪਾਵਾਂ ਕਿਦਾ।
ਸਾਹ ਔਖੇ ਆ ਤੇ ਔਖੇ ਨੇ ਇਹ ਪਲ ਵੀ ਬਹੁਤ, ਪਰ ਸਾਹਾਂ ਨੂੰ ਸੂਲੀ ਤੇ ਚੜਾਵਾਂ ਕਿਦਾ।
ਮੇਰਾ ਵੱਸ ਚਲੇ ਤਾਂ ਸਭ ਰੋਕ ਹੀ ਦਵਾਂ, ਪਰ ਵੱਗਦੀ ਹਵਾ ਨੂੰ ਮੋੜ ਲਿਆਵਾਂ ਕਿਦਾ।



## ਤੈਨੂੰ ਪਤਾ

ਤੈਨੂੰ ਪਤਾ
ਮੈਨੂੰ ਜਮਾਂ ਮਨ ਨੀ ਕਰਦਾ ਗੂੜ੍ਹੇ ਗੂੜ੍ਹੇ ਰੰਗ ਪਾਉਣ ਨੂੰ।
ਤੂੰ ਇਕ ਵਾਰੀ ਕਿਹਾ ਸੀ ਨਾ ਕਿ ਚਿੱਟੇ ਰੰਗ ਤੇ ਹਰਾ ਗੋਟਾ ਤੇਰੇ ਬਾਹਲਾ ਫੱਬਦਾ ਐ।

## ਤੈਨੂੰ ਪਤਾ 1

ਤੈਨੂੰ ਪਤਾ
ਮੇਰਾ ਉੱਕਾ ਹੀ ਜੀਅ ਨੀ ਕਰਦਾ ਤੈਨੂੰ ਲਫਜ਼ਾ ਚ ਉਤਾਰ ਕੇ ਕਾਪੀ ਦੇ ਪੰਨਿਆਂ ਵਿਚ ਬੰਦ ਕਰਨ ਨੂੰ।
ਮੇਰਾ ਜੀਅ ਕਰਦਾ
ਤੈਨੂੰ ਰੋਜ ਨਵੇਂ ਖਿਲਦੇ ਫੁੱਲ ਚ ਮਹਿਸੂਸ ਕਰਾ
ਜਾ ਤਰੇਲ ਦੇ ਤੁਪਕਿਆਂ ਚ।



## ਤੈਨੂੰ ਪਤਾ 2

ਤੈਨੂੰ ਪਤਾ
ਸੂਰਜ ਦਾ ਥੋੜ੍ਹਾ ਕਿ ਸਾਹਮਣੇ ਆਉਣਾ ਫੁੱਲਾਂ ਨੂੰ ਜਿੰਦਾ ਕਰ ਦਿੰਦਾ।
ਸੋਚ ਤੇਰੇ ਸਾਹਮਣੇ ਆਉਣ ਨਾਲ ਮੇਰਾ ਕੀ ਹਾਲ ਹੋਇਆ ਹੋਊ।

## ਨਾਚ

ਕੁੱਝ ਨੱਚਦੇ ਨੇ ਨੰਗੇ ਸੁੱਥਰੇ ਨਾਚਾਂ ਨੂੰ,
ਕੁੱਝ ਸੁੱਥਰੇ ਹੋਕੇ ਵੀ ਨਾ ਨਾਚ ਨੂੰ ਜਾਣਨ।
ਇਹ ਗੱਲ ਹੀ ਤੇ ਗੱਲ ਏ ਜੋ ਸਮਝ ਨਾ ਆਵੇ,
ਕੁੱਝ ਗੱਲਾਂ ਹੀ ਗੱਲਾਂ ਚ ਯਾਰ ਮਨਾਵਣ।
ਹੁੰਦਾ ਜੇ ਸੋਖਾ ਤਾਂ ਸੱਭ ਨਾਚ ਨੱਚਦੇ,
ਸੋਖਾ ਤਾਂ ਕੁੱਝ ਨੀ, ਇਹ ਨਚਵਾਰੇ ਹੀ ਜਾਣਨ।
ਕੀਮਤ ਕੀ ਹੁੰਦੀ ਪਗਡੰਡੀ ਨੂੰ ਪੁੱਛੋ,
ਜਾਨੇ ਤਸੀਹੇ ਤੇ ਰਾਹਗੀਰ ਦਾ ਵਿਸਾਹ ਵੀ ਨਾ ਖਾਵੇ।
ਦਿਨ ਹੈ ਲਮੇਰੇ ਇਹ ਸੂਰਜ ਨੂੰ ਪੁੱਛੋ,
ਚੰਨ ਤਾਰੇ ਤਾਂ ਰਾਤਾਂ ਨੂੰ ਵਰਤ ਵਾਂਗ ਹੰਢਾਵਣ।
ਇਹ ਨਾਚਾਂ ਦੀ ਬਸਤੀ ਚ ਨਾਚ ਬਥੇਰੇ,
ਜੋ ਨੱਚਣਾ ਨਾ ਜਾਣੇ, ਉਹ ਰਸਤਾ ਪਛਾਨਣ।

– ਸਤਿੰਦਰ ਕੌਰ



## ਜਿੱਦ

ਰਾਹ, ਭੀੜ ਤੇ ਹਵਾ ਦੇ ਬੁੱਲੇ ਰੋਕਦੇ ਰਹੇ,
ਬਸ ਦਿਲ ਦੀ ਹੀ ਜਿੱਦ ਸੀ ਜੋ ਚੱਲਦਾ ਰਿਹਾ ਅਣਚਾਹੇ ਰਾਵਾਂ ਤੇ।

## ਹਨੇਰਾ

ਕੱਲ ਮੈਂ ਇਕ ਤਾਰਾ ਤੋੜਿਆ ਤੇ ਆਪਣੇ ਕਮਰੇ ਦੇ ਇਕ ਹਨੇਰੇ ਕੋਨੇ ਚ ਰੱਖ ਦਿੱਤਾ,
ਹਨੇਰੇ ਕੋਨੇ ਦੇ ਚਾਨਣ ਹੋਣ ਦੀ ਦੇਰ ਸੀ ਕਿ ਉਹ ਹਨੇਰੇ ਨੇ ਮੇਰੇ ਅੰਦਰ ਘਰ ਬਣਾ ਲਿਆ।

## ਕਤਾਰਾਂ

ਲੰਮੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਨੇ ਹੁਣ ਹਰ ਗਲੀ ਮੋੜ ਤੇ,
ਓਹ ਵੀ ਸਮਾ ਸੀ ਜਦ ਲੋਕਾਂ ਕੋਲ ਟਾਈਮ ਹੁੰਦਾ ਸੀ ਰੁੱਕ ਕੇ ਗੱਲ ਕਰਨ ਦਾ।
ਸਭ ਸਬੱਬ ਦੀਆਂ ਗੱਲਾਂ ਨੇ।
ਸਭ ਰੱਬ ਦੀਆਂ ਗੱਲਾਂ ਨੇ।

## ਰਾਵਾਂ

ਲੰਮੀਆਂ ਰਾਵਾਂ ਤੇ ਤੇਰਾ ਸਾਥ,
ਮੈਨੂੰ ਸਵਰਗ ਤੋਂ ਸੋਹਣੀ ਥਾਂ ਲਗਦੀ ਏ।



## ਪੂਰਾ ਹਫ਼ਤਾ

ਤੂੰ ਹੀ ਸੋਮਵਾਰ ਐ ਤੇ ਤੂੰ ਹੀ ਐਤਵਾਰ ਮੇਰਾ,
ਚੌਵੀ ਚੁਵੀ ਘੰਟਿਆ ਤੋਂ ਕੀ ਲੈਣਾ ਮੈਂ
ਜਦ ਪੂਰਾ ਹਫਤਾ ਤੈਥੋਂ ਵਾਰਤਾ।

## ਰਫਤਾਰ

ਕਾਰਾਂ ਦੀ ਰਫਤਾਰ ਵਾਂਗੂੰ ਲੰਘੀ ਜਾਂਦੀ ਆ ਜਿੰਦਗੀ,
ਮੇਰਾ ਰੁੱਕਣ ਨੂੰ ਜੀਅ ਕਰਦਾ ਵਿਚ ਵਿਚਕਾਰ
ਤੇਰੇ ਨਾਲ ਇਹਨਾਂ ਲੰਮੀਆਂ ਰਾਹਾਂ ਚ।

## ਸ਼ਿਕਵੇ

ਇਹ ਸ਼ਿਕਵੇ ਸ਼ਿਕਾਇਤਾਂ ਸਭ ਰਾਖਵੀਆਂ ਨੇ,
ਗੱਲ ਦਿਲ ਦੀ ਆ ਬਸ ਦਿਲ ਨੂੰ ਹੀ ਸਮਝ ਲੈਣ ਦੇ।
ਨਾ ਮੁੱਖ ਵੱਟ, ਨਾ ਰੁੱਸ, ਨਾ ਹੀ ਤੱਕ ਸਾਨੂੰ ਭਾਵੇਂ,
ਇਹ ਮੋਹ ਦੀ ਪਟਾਰੀ ਏ ਇਹਨੂੰ ਹੱਸ ਲੈਣ ਦੇ।

## ਸਕੂਨ

ਦਿਲ ਦਾ ਸਕੂਨ ਮਿਲਿਆ ਮੈਨੂੰ ਦੋ ਹੀ ਚੀਜ਼ਾਂ ਚ,
ਇਕ ਕਿਤਾਬੀ ਰੂਪ ਰੱਬ ਤੇ ਦੂਜਾ ਚਾਹ ਦੇ ਸਰੂਰ ਚ।



## ਕਲਯੁੱਗ

ਕਲਯੁੱਗ ਨੂੰ ਬੜੀ ਨਜ਼ਦੀਕੀ ਤੋਂ ਦੇਖਿਆ ਹੈ ਮੈਂ,
ਜਦ ਆਲੇ ਦੁਆਲੇ ਨੂੰ ਮਰਿਆ ਪਿਆ ਦੇਖਿਆ ਲੱਖਾਂ ਲੋਕਾਂ ਦੀ ਭੀੜ ਚ।

## ਗਵਾਚ ਗਈ

ਵੱਡੀਆਂ ਕਿਤਾਬਾਂ ਚ ਕੀਤੇ ਓਹ ਗਵਾਚ ਜਿਹੀ ਗਈ ਐ,
ਉਹ ਜ਼ਿੰਦਗੀ ਜੋ ਕਦੀ ਗੁਣ ਗਣਾਂਉਦੀ ਸੀ ਰਸਾਲਿਆਂ ਤੇ ਰਾਵਾਂ ਚ।

## ਪਿਆਰ

ਮੈਨੂੰ ਸੀ ਕਿ ਪਿਆਰ ਇਕ ਦੂਜੇ ਦੇ ਨਾਲ ਰਹਿਣ ਦੀ ਗੱਲ ਐ,
ਇਹ ਨਹੀਂ ਸੀ ਪਤਾ ਕਿ ਇਕ ਦੂਜੇ ਦੇ ਨਾਲ ਰਹਿਕੇ ਵੀ ਦੂਰ ਹੋਣਾ ਪਿਆਰ ਐ।

## ਰਾਤ

ਰਾਤ ਪਰਭਾਤ ਜੇਹੀ ਲਗਦੀ ਏ,
ਦਿਨ ਨੂੰ ਕਾਲ ਹਨੇਰਾ ਜਾਪੇ।
ਸੁੱਕੇ ਸੁੱਕੇ ਲਗਦੇ ਨੇ ਰੁੱਖ
ਤੇ ਪੱਥਰਾਂ ਨੂੰ ਹਰਿਆਲੀ ਜਾਪੇ।
ਇਹ ਕਿਹੋ ਜਿਹਾ ਦੌਰ ਹੈ ਚਲਿਆ,
ਕੋਈ ਚੀਜ਼ ਵੀ ਟੁੱਟੇ ਪਰ ਖੜਾਕ ਨਾ ਜਾਪੇ।



## ਸੱਜਣਾਂ

ਸੱਜਣਾਂ ਵੇ ਦਿਲਾਂ ਦੀਆਂ ਜਾਣ ਦਿਆ,
ਤੂੰ ਦੀਵੇ ਦੀ ਲਾਟ ਜੇਹਾ ਏ ਮੈਨੂੰ।
ਅੱਧ ਅਧੂਰੇ ਰਾਵਾਂ ਚ ਵੀ ਰਸਤੇ ਦਿੱਖ ਜੇ ਜਾਂਦੇ ਨੇ,
ਜਦ ਤੂੰ ਨਾਲ ਹੁਨਾ ਏ।
ਸੱਚੀ ਸੱਜਣਾਂ ਵੇ,
ਮੇਰੇ ਦਿਲ ਦੀਆਂ ਜਾਣ ਦਿਆ ਵੇ।

## ਰੀਝਾਂ

ਸਿਰਫ ਚਾਹ ਪਾਣੀ ਦੀਆਂ ਗੱਲਾਂ ਨਹੀਂ,
ਇਹ ਗੱਲਾਂ ਦਿਲਾਂ ਦੀਆਂ ਨੇ।
ਤੈਨੂੰ ਸਮਝ ਨਾ ਆਉਣੀਆਂ ਜੋ,
ਇਹ ਉਹ ਰੀਝਾਂ ਮੇਰੀਆਂ ਨੇ।

## ਮੁਰਾਦਾਂ

ਮੁਰਾਦਾਂ ਦਿਲਾਂ ਦੀਆਂ ਦਿਲਾਂ ਚ ਰਹਿ ਜਾਂਦੀਆਂ ਨੇ,
ਰੀਝਾਂ ਨਾ ਚਾਹੁੰਦੇ ਵੀ ਸਾਥ ਮੇਰਾ ਦੇ ਜਾਂਦੀਆਂ ਨੇ।
ਬੜੇ ਔਖੇ ਨੇ ਰਾਹ ਤੇ ਕਈ ਰਾਹਗੀਰ ਵੀ ਇਥੇ,
ਹਵਾਵਾਂ ਨਾ ਚਾਹੁੰਦੇ ਵੀ ਬਹੁਤ ਕੁਝ ਕਹਿ ਜਾਂਦੀਆਂ ਨੇ।

## ਪਰਛਾਵਾਂ

ਹਵਾ ਦੇ ਬੁੱਲਿਆਂ ਦੇ ਵਿੱਚ ਵੀ ਤੇਰਾ ਪਰਛਾਵਾਂ ਦਿੱਸਦਾ ਏ,
ਹਰ ਆਉਂਦੇ ਜਾਂਦੇ ਰਾਵਾਂ ਵਿੱਚ ਤੇਰਾ ਸਿਰਨਾਵਾਂ ਦਿੱਸਦਾ ਏ।



## ਲਮੇਰਾ ਸਫਰ

ਸਫਰ ਲਮੇਰਾ ਏ ਜ਼ਿੰਦਗੀ ਦਾ, ਬਸ ਉੱਥੇ ਹੀ ਰੁਕ ਜਿਆ ਕਰ ਜਿੱਥੇ
ਲੱਖਾਂ ਮੋੜ ਤੇ ਤੇਰਾ ਪਰਛਾਵਾਂ ਦਿੱਸਦਾ ਹੋਵੇ।

## ਭੇਦ

ਕੁੱਝ ਟਿਮਟਿਮਾਉਂਦੇ ਹਾਸੇ ਨੇ
ਤੇ ਹਾਸਿਆਂ ਦੇ ਵਿੱਚ ਕੁੱਝ ਭੇਦ ਲੁੱਕੇ।
ਇਹਨਾਂ ਭੇਦਾਂ ਨੂੰ ਜਾਣਨ ਦੀ ਖਾਤਰ
ਸਾਡੇ ਪਲੇ ਕੱਖ  ਤੇ ਰਾਹ ਜੁੜੇ।

## ਹਾਸੇ

ਬੁੱਲ੍ਹਾਂ ਤੇ ਹਾਸੇ ਰੱਖਿਆ ਕਰ ਸੱਜਣਾਂ,
ਕਸਾਈ ਤੇ ਨੀ ਜੋ ਹਰ ਗੱਲ ਤੇ ਰੁੱਖਾ ਹੀ ਹੁੰਦਾ ਜਾਏ।
ਜ਼ਿੰਦਗੀ ਚਾਰ ਚੁਫੇਰੇ ਖਿਲਰੀ ਪਈ ਏ,
ਚੁੱਕੇਗਾ ਨੀ ਤੇ ਤਬਾਹੀ ਨਾ ਹੋ ਜਾਏ।

## ਹੇਰਾ ਫੇਰੀ

ਬੜੇ ਸਲੀਕੇ ਨਾਲ ਸਿੱਖ ਰਿਹਾ ਸ਼ਬਦਾਂ ਦੀ ਹੇਰਾ ਫੇਰੀ ਨੂੰ,
ਸ਼ਾਇਦ ਹਰ ਰਾਹ ਇਹੋ ਹੇਰਾ ਫੇਰੀ ਤੇ ਹੀ ਟਿਕਿਆ ਹੈ।



## ਪੋਸ਼ ਚੁਸਕੀਆਂ

ਮੇਰੇ ਕੋਲ ਸੀ ਬਸ ਇਕ ਵੀਰਾਨ ਫੁੱਲਾਂ ਦਾ ਬਾਗ ਤੇ ਕੁੱਝ ਚਾਹ ਦੀਆਂ ਪੱਤੀਆਂ ਦੀ ਖੁਸ਼ਬੋ,
ਪਰ ਉਸਨੂੰ ਤੇ ਚਾਹੀਦਾ ਸੀ ਹਰਿਆ ਭਰਿਆ ਬਗੀਚਾ ਤੇ ਪੋਸ਼ ਚੁਸਕੀਆਂ।

## ਚਾਨਣੀ

ਤੂੰ ਮੇਰੀਆਂ ਰਾਤਾਂ ਦੇ ਉਸ ਚੰਨ ਦੀ ਚਾਨਣੀ ਵਰਗੀ ਏ,
ਜਿਹਨੂੰ ਪਾਉਣਾ ਤਾਂ ਗੱਲ ਦੂਰ ਦੀ ਆ ਮੈਂ ਤੇ ਤੱਕ ਵੀ ਸਕਦਾ ਨਾ।

## ਮਰਨਾ

ਤੂੰ ਹਵਾ ਵਿਚੋਂ ਵੀ ਹੱਸਦੀ ਏ,
ਤੇਰਾ ਹਾਸਾ ਕਹਿਰ ਮਚਾਉਂਦਾ ਏ।
ਮੈਂ ਮਰਦਾ ਮਰਦਾ ਬਚਿਆਂ ਆ,
ਲੇ ਦਸ ਮੈਨੂੰ ਤੇ ਮਰਨਾ ਵੀ ਕਿੱਥੇ ਆਉਂਦਾ ਏ।

## ਉਲਝਣ

ਮੈਂ ਹੀ ਉਲਝਾਈ ਰਖਿਆ ਆਪਣੀਆਂ ਗੱਲਾਂ ਨੂੰ
ਕੌਮਾ, ਟਿੱਪੀ, ਵਿਹਾਰੀ ਤੇ ਸਿਹਾਰੀ ਵਰਗੀਆਂ
ਲਗਾਮਾਤਰਾ ਚ,
ਉਸਦੀ ਤੇ ਸਾਰੀ ਗੱਲਬਾਤ ਹਮੇਸ਼ਾ ਹੀ
ਪੈਂਤੀ ਅੱਖਰੀ ਰਹੀ ਮੇਰੇ ਲਈ,
ਬਿਨਾਂ ਲਗਾਮਾਤਰਾ ਤੇ ਪਿਆਰ ਤੋਂ।



## ਖੁਸ਼ੀ

ਦਿਲ ਦੀ ਖੁਸ਼ੀ ਉੱਚੇ ਮਹਿਲ ਮੁਨਾਰੇ ਨਾ ਦਿੰਦੇ,
ਮਨ ਦੀ ਸ਼ਾਂਤੀ ਲਈ ਤੇ ਯਾਰਾ ਸਾਧ ਹੋਣਾ ਪੈਂਦਾ।

## ਵਰਤਮਾਨ

ਵਰਤਮਾਨ ਦੀ ਗੱਲ ਕਰੀਏ ਤਾਂ ਬਹੁਤ ਤਰੱਕੀ ਹੋ ਰਹੀ ਏ,
ਭਵਿਖ ਦਾ ਸੋਚਿਆ ਜਾਏ ਤਾਂ ਅਸੀਂ ਮੌਤ ਰੂਪੀ ਜੋਕਾਂ ਨੂੰ ਸਹਾਰਾ
ਦੇ ਰਹੇ ਹਾਂ।
ਜੋ ਕਿ ਕਿਸੀ ਵੀ ਮਸਲੇ ਦਾ ਹੱਲ ਨਹੀਂ ਹੈ।
ਪਰ ਅਫ਼ਸੋਸ
ਮਸਲਿਆਂ ਬਾਰੇ ਸੋਚਦਾ ਹੀ ਕੌਣ ਹੈ,
ਜਦ ਅੱਖਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ
ਚੰਦ ਪੈਸੇ ਤੇ ਕੁੱਝ ਜਲਸਿਆਂ ਨਾਲ।

## ਗੁਸਤਾਖ਼ੀ

ਦਿਲ ਗੁਸਤਾਖੀਆਂ ਦੀ ਰਾਹੇ ਪੈਗਿਆ ਏ
ਮੈਂ ਸਾਹ ਵੀ ਨੀ ਮੁੜਦੇ ਦੇਖੇ ਤੇਰੀ ਮੌਜ਼ੂਦਗੀ ਦੇ ਵਿੱਚ।

## ਤੇਰਾ ਹੋਣਾ

ਤੇਰਾ ਹੋਣਾ ਹੀ ਕਾਫ਼ੀ ਏ,
ਦੁਨੀਆਂ ਦੀਆਂ ਸਭ ਹੋਣੀਆਂ ਨਾ- ਹੋਣੀਆਂ ਭੁੱਲਣ ਲਈ।



## ਅੰਬਰ

ਇਹ ਅੰਬਰ ਨੀਵਾਂ ਲਗਦਾ ਏ
ਧਰਤੀ ਉੱਡਦੀ ਜਾਪਦੀ ਏ।
ਜਦ ਵੀ ਮੇਰੇ ਖਿਆਲਾਤ ਤੇਰੇ ਵਰਗੇ ਹੋਣ ਲਗਦੇ ਨੇ।

## ਜ਼ਿੰਦਗੀ

ਜ਼ਿੰਦਗੀ ਗੁਜਰ ਰਹੀ ਹੈ,
ਇੱਕ ਫਲਸਫੇ ਨੂੰ ਨਾਲ ਲੈ ਕੇ।
ਪਤਾ ਨਹੀਂ ਅਜੇ ਕਿਹੜੇ ਕਿਹੜੇ
ਮੋੜ ਆਉਣੇ ਬਾਕੀ ਨੇ।